# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 202 Tuesday, October 22, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper **THE ONLY DAILY PUNJABI NEWS** ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



TOP 4% TREB REALTOR 2018
Buy With $0 Down Program
ROYAL CANADIAN
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com


# ਲਿਬਰਲ ਘੱਟ ਗਿਣਤੀ ਸਰਕਾਰ ਬਰੂਹਾਂ 'ਤੇ

ਪੋਸਟ ਬਿਊਰੋ: 40 ਦਿਨਾਂ ਦੇ ਸ਼ੋਰ ਸ਼ਰਾਬੇ ਵਾਲੇ ਚੋਣ ਪ੍ਰਚਾਰ ਤੋਂ ਬਾਅਦ ਕੈਨੇਡੀਅਨਾਂ ਨੇ ਲਿਬਰਲ ਪਾਰਟੀ ਦੇ ਹੱਥ ਸਰਕਾਰ ਦੀ ਇੱਕ ਵਾਰ ਦੁਬਾਰਾ ਡੋਰ ਫੜਾ ਦਿੱਤੀ ਹੈ ਬੇਸ਼ੱਕ ਇਸ ਵਾਰ 2015 ਵਾਲਾ ਬਹੁਮਤ ਨਹੀਂ ਮਿਲਿਆ ਹੈ। ਰਾਤੀਂ ਪੌਣੇ ਬਾਰਾਂ ਵਜੇ ਖਬ਼ਰਾਂ ਲਿਖੇ ਜਾਣ ਤੱਕ ਲਿਬਰਲ ਪਾਰਟੀ ਨੇ 155, ਕੰਜ਼ਰਵੇਟਿਵ 121 ਅਤੇ ਐਨ ਡੀ ਪੀ 26 ਸੀਟਾਂ ਉੱਤੇ ਜਿੱਤ ਹਾਸਲ ਕਰਨ ਲਈ ਤਿਆਰ ਸਨ। ਕਿਊਬਿੱਕ ਵਿੱਚ ਬਲਾਕ ਕਿਉਬੇਕਾ ਨੂੰ 32 ਸੀਟਾਂ ਪ੍ਰਾਪਤ ਹੋਈਆਂ ਹਨ ਜਦੋਂ ਕਿ ਗਰੀਨ ਪਾਰਟੀ ਮਹਿਜ਼ 3 ਸੀਟਾਂ ਹਾਸਲ ਕਰ ਸਕੇਗੀ।

ਐਨ ਡੀ ਪੀ ਨੂੰ ਮੀਡੀਆ ਵਿੱਚ ਮਿਲੇ ਹੁੰਗਾਰੇ ਅਤੇ ਕਿਆਸਅਰਾਈਆਂ ਦੇ ਬਾਵਜੂਦ ਸਿਰਫ਼ 15% ਦੇ ਕਰੀਬ ਵੋਟਾਂ ਹਾਸਲ ਹੋਈਆਂ ਹਨ ਜਦੋਂ ਕਿ ਕੰਜ਼ਰਵੇਟਿਵ ਪਾਰਟੀ ਨੇ 34.2% ਅਤੇ ਲਿਬਰਲ ਨੇ 33.3% ਵੋਟਾਂ ਹਾਸਲ ਕੀਤੀਆਂ ਹਨ। ਗਰੇਟਰ ਟੋਰਾਂਟੋ ਏਰੀਆ ਨੇ ਇੱਕ ਵਾਰ ਦੁਬਾਰਾ ਸਾਬਤ ਕਰ ਦਿੱਤਾ ਹੈ ਕਿ ਜੇ ਕਿਸੇ ਪਾਰਟੀ ਨੇ ਸੱਤਾ ਸੰਭਾਲਣੀ ਹੈ ਤਾਂ ਇਸ ਇਲਾਕੇ ਨੂੰ ਆਪਣਾ ਬਣਾ ਕੇ ਰੱਖਣਾ ਹੋਵੇਗਾ। 2015 ਵਿੱਚ ਲਿਬਰਲ ਪਾਰਟੀ ਨੇ ਇੱਥੇ ਤੋਂ 25 ਸੀਟਾਂ ਜਿੱਤੀਆਂ ਸਨ ਅਤੇ ਕੰਜ਼ਰਵੇਟਿਵ ਸਿਰਫ਼ 5 ਸੀਟਾਂ ਉੱਤੇ ਜਿੱਤ ਹਾਸਲ ਕਰ ਸਕੇ ਸਨ। ਇਸ ਵਾਰ ਦੁਬਾਰਾ ਲਿਬਰਲਾਂ ਦੇ 24 ਸੀਟਾਂ ਜਿੱਤਣ ਦੀ ਆਸ ਹੈ। ਇਸ ਵਾਰ ਇੱਕ ਫ਼ਰਕ ਇਹ ਰਿਹਾ ਹੈ ਕਿ ਕਿਉਬਿੱਕ ਵਿੱਚ ਬਲਾਕ ਕਿਉਬੇਕਾ ਦੀਆਂ 32 ਸੀਟਾਂ ਅਤੇ ਟੋਰੀਆਂ ਵੱਲੋਂ ਪੱਛਮੀ ਕੈਨੇਡਾ ਪਰੇਰੀਜ਼ ਵਿੱਚ ਚੰਗੀ ਪਰਫਾਰਮੈਂਸ ਦੇਣ ਕਾਰਣ ਲਿਬਰਲ ਬਹੁਮਤ ਹਾਸਲ ਨਹੀਂ ਕਰ ਸਕੇ।

ਇਹਨਾਂ ਚੋਣਾਂ ਨੇ ਇਹ ਵੀ ਸਾਬਤ ਕਰ ਦਿੱਤਾ ਹੈ ਕਿ ਕੈਨੇਡੀਅਨ ਮੇਨ ਸਟਰੀਮ ਸਿਆਸਤ ਨੂੰ ਹੀ ਪਸੰਦ ਕਰਦੇ ਹਨ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਲਈ ਵੱਡੀ ਸਿਰਦਰਦੀ ਦੇਣ ਵਾਲੀਆਂ ਸਾਬਕਾ ਮੰਤਰੀ ਜੋਡੀ ਵਿਲਸਨ ਅਤੇ ਜੇਨ ਫਿਲਪੌਟ ਦੋਵੇਂ ਹਾਰ ਗਈਆਂ ਹਨ। ਪੀਪਲਜ਼ ਪਾਰਟੀ ਆਫ਼ ਕੈਨੇਡਾ ਇੱਕ ਵੀ ਸੀਟ ਹਾਸਲ ਨਹੀਂ ਕਰ ਸਕੀ ਹੈ। ਗਰੀਨ ਪਾਰਟੀ ਨੂੰ ਮਹਿਜ਼ ਸੀਟਾਂ ਦਾ ਮਿਲਣਾ ਸਾਬਤ ਕਰਦਾ ਹੈ ਕਿ ਕੈਨੇਡੀਅਨ ਕਿਸੇ ਵੀ ਨਵੇਂ ਸਿਆਸੀ ਖਿਆਲ ਨੂੰ ਪੱਠੇ ਪਾਉਣ ਨੂੰ ਤਿਆਰ ਨਹੀਂ ਹਨ। ਜਗਮੀਤ ਸਿੰਘ ਦੀ ਐਨ ਡੀ ਪੀ ਨੂੰ ਚੋਣ ਸਰੇਵਖਣਾਂ ਦੇ ਉਲਟ ਘੱਟ ਵੋਟਾਂ ਮਿਲਣਾ ਇਸ ਗੱਲ ਨੂੰ ਹੋਰ ਸਾਬਤ ਕਰਦਾ ਹੈ ਕਿ ਕੈਨਡੀਅਨ ਕਿਸੇ ਨਵੇਂ ਤਜੁਰਬੇ ਨੂੰ ਅਪਨਾਉਣਾ ਨਹੀਂ ਸਨ ਚਾਹੁੰਦੇ।

ਪ੍ਰਧਾਨ ਮੰਤਰੀ ਟਰੂਡੋ ਅਤੇ ਕੰਜ਼ਰਵੇਟਿਵ ਲੀਡਰ ਐਂਡਰੀਊ ਸ਼ੀਅਰ ਦੋਵੇਂ ਆਪੋ ਆਪਣੀਆਂ ਸੀਟਾਂ ਜਿੱਤ ਗਏ ਹਨ। ਬਲਾਕ ਕਿਉਬੇਕਾ ਦਾ ਲੀਡਰ ਵੈਸ ਫਰੈਂਕੋਆ ਬਲੈਂਸ਼ਟ ਵੀ ਆਪਣੀ ਸੀਟ ਜਿੱਤ ਗਿਆ ਹੈ। ਲਿਬਰਲ ਸਰਕਾਰ ਵਿੱਚ ਪਬਲਿਕ ਸੇਫਟੀ ਮੰਤਰੀ ਰਾਲਫ ਗੁਡੇਲ ਦੀ ਹਾਰ ਹੋਈ ਹੈ ਅਤੇ ਇਸੇ ਤਰਾਂ ਟੋਰੀ ਡਿਪਟੀ ਲੀਡਰ ਲੀਸਾ ਰੇਟ ਦੀ ਮਿਲਟਨ ਤੋਂ ਹਾਰ ਹੋਈ ਹੈ। ਪੀਪਲਜ਼ ਪਾਰਟੀ ਆਗੂ ਮੈਕਸਿਮ ਬਰਨੀਏ ਵੀ ਆਪਣੀ ਸੀਟ ਬਚਾ ਕੇ ਨਹੀਂ ਰੱਖ ਸਕਿਆ ਹੈ।



# ਪੰਜਾਬੀ ਐਮ ਪੀਆਂ ਨੇ ਮੁੜ ਦੁਹਰਾਇਆ ਇਤਿਹਾਸ

ਪੋਸਟ ਬਿਊਰੋ: ਕੈਨੇਡਾ ਦੇ ਇਤਿਹਾਸ ਵਿੱਚ ਇਹ ਦੂਜੀ ਵਾਰ ਹੋਵੇਗਾ ਕਿ 18 ਮੈਂਬਰ ਪਾਰਲੀਮੈਂਟ ਪੰਜਾਬੀ ਮੂਲ ਦੇ ਹੋਣਗੇ। ਬਰੈਂਪਟਨ ਵਿੱਚ ਸਾਰੀਆਂ ਰਾਈਡਿੰਗਾਂ ਉੱਤੇ ਲਿਬਰਲ ਪਾਰਟੀ ਨੇ ਆਪਣਾ ਕਬਜ਼ਾ ਬਰਕਰਾਰ ਰੱਖਿਆ ਹੈ ਜਿਸ ਵਿੱਚ ਕਮਲ ਖੈਹਰਾ, ਸੋਨੀਆ ਸਿੱਧੂ, ਰੂਬੀ ਸਹੋਤਾ, ਮਨਦੀਪ ਸਿੱਧੂ, ਰਾਮੇਸ਼ਵਰ ਸੰਘਾ ਦੀ ਜਿੱਤ ਹੋਈ ਹੈ। ਇਸੇ ਤਰਾਂ ਮਿਸੀਸਾਗਾ ਮਾਲਟਨ ਤੋਂ ਫੈਡਰਲ ਮੰਤਰੀ ਨਵਦੀਪ ਬੈਂਸ ਅਤੇ ਮਿਸੀਸਾਗਾ ਸਟਰੀਟਸਵਿੱਲ ਤੋਂ ਗਗਨ ਸਿਕੰਦ ਆਪੋ ਆਪਣੀਆਂ ਰਾਈਡਿੰਗਾਂ ਨੂੰ ਆਸਾਨੀ ਨਾਲ ਜਿੱਤ ਗਏ ਹਨ। ਕਿਉਬਿੱਕ ਵਿੱਚ ਲਸ਼ੀਨ ਲਾਸੈਲ ਤੋਂ ਪੰਜਾਬਣ ਅੰਜੂ ਢਿੱਲੋਂ ਨੇ ਆਪਣੀ ਸੀਟ ਨੂੰ ਖੁੱਸਣ ਤੋਂ ਬਚਾ ਲਿਆ ਹੈ ਜਦੋਂ ਕਿ ਅਲਬਰਟਾ ਵਿੱਚ ਐਡਮਿੰਟਨ ਮਿਲ ਵੁੱਡਜ਼ ਤੋਂ ਫੈਡਰਲ ਮੰਤਰੀ ਅਮਰਜੀਤ ਸੋਹੀ ਨੂੰ ਸਾਬਕਾ ਟੋਰੀ ਮੰਤਰੀ ਟਿਮ ਉੱਪਲ ਹੱਥੋਂ ਹਾਰ ਦਾ ਮੂੰਹ ਵੇਖਣਾ ਪਿਆ ਹੈ।

ਦੇਰ ਰਾਤ ਖਬਰ ਲਿਖੇ ਜਾਣ ਵੇਲੇ ਐਨ ਡੀ ਪੀ ਲੀਡਰ ਜਗਮੀਤ ਸਿੰਘ ਆਪਣੀ ਰਾਈਡਿੰਗ ਬਰਨਬੀ ਸਾਊਥ ਤੋਂ ਸਿਰਫ਼ 1600 ਕੁ ਸੌ ਵੋਟਾਂ ਨਾਲ ਅੱਗੇ ਚੱਲ ਰਿਹਾ ਸੀ। ਕਿਚਨਰ ਸੈਂਟਰ ਤੋਂ ਲਿਬਰਲ ਰਾਜ ਸੈਣੀ ਦੀ ਜਿੱਤ ਹੋਈ ਹੈ ਅਤੇ ਇਵੇਂ ਹੀ ਫੈਡਰਲ ਮੰਤਰੀ ਬਰਦੀਸ਼ ਚੱਗੜ ਮੁੜ ਐਮ ਪੀ ਚੁਣੀ ਗਈ ਹੈ।

ਓਕਵਿੱਲ ਤੋਂ ਅਨੀਤਾ ਆਨੰਦ, ਸਰੀ ਨਿਊਟਨ ਤੋਂ ਸੁਖ ਧਾਲੀਵਾਲ, ਵੈਨਕੂਵਰ ਸਾਊਥ ਤੋਂ ਹਰਜੀਤ ਸਿੰਘ ਸੱਜਣ, ਸਰੀ ਸੈਂਟਰ ਤੋਂ ਰਣਦੀਪ ਸਿੰਘ ਸਰਾਏ ਆਪੋ ਆਪਣੀਆਂ ਸੀਟਾਂ ਜਿੱਤ ਗਏ ਹਨ ਜਦੋਂ ਕਿ ਫਲੀਟਵੁੱਡ ਪੋਰਟ ਵੈਲਸ ਤੋਂ ਟੋਰੀ ਉਮੀਦਵਾਰ ਸ਼ਿੰਦਰ ਪੁਰੇਵਾਲ ਨੂੰ ਲਿਬਰਲ ਦੇ ਕੈਨ ਹਾਰਡੀ ਤੋਂ ਹਾਰ ਦਾ ਮੂੰਹ ਵੇਖਣਾ ਪਿਆ ਹੈ। ਕੈਲਗਰੀ ਸਕਾਈਵਿਊ ਤੋਂ ਕੰਜ਼ਰਵੇਟਿਵ ਜਗਦੀਪ ਸਹੋਤਾ ਨੇ ਲਿਬਰਲ ਦੀ ਨਿਰਮਲਾ ਨਾਇਡੂ ਨੂੰ ਹਰਾ ਦਿੱਤਾ ਹੈ।

ਜੇ ਗਰੇਟਰ ਟੋਰਾਂਟੋ ਏਰੀਆ ਦੀ ਗੱਲ ਕੀਤੀ ਜਾਵੇ ਤਾਂ ਮਿਸੀਸਾਗਾ ਸੈਂਟਰ ਤੋਂ ਲਿਬਰਲ ਓਮਰ ਅਲਘਬਰਾ, ਮਿਸੀਸਾਗਾ ਐਰਿਨ ਮਿਲਜ਼ ਤੋਂ ਇਕਰਾ ਖਾਲਿਦ, ਮਿਸੀਸਾਗਾ ਕੁੱਕਸਵਿੱਲ ਤੋਂ ਪੀਟਰ ਫੋਂਸੈਕਾ ਅਤੇ ਮਿਸੀਸਾਗਾ ਲੇਕਸ਼ੋਰ ਤੋਂ ਸਵੈਨ ਸਪੈਂਜਮਾਨ (ਸਾਰੇ ਲਿਬਰਲ) ਜੇਤੂ ਹੋ ਨਿਕਲੇ ਹਨ। ਇਸੇ ਤਰੀਕੇ ਈਟੋਬੀਕੋ ਨੌਰਥ ਤੋਂ ਫੈਡਰਲ ਮੰਤਰੀ ਕ੍ਰਿਸਟੀ ਡੰਕਨ ਨੇ ਟੋਰੀ ਉਮੀਦਵਾਰ ਸਰਬਜੀਤ ਕੌਰ ਨੂੰ ਹਰਾ ਦਿੱਤਾ ਹੈ ਜਦੋਂ ਕਿ ਟੋਰਾਂਟੋ ਵਿੱਚ ਪਾਰਕਡੇਲ ਹਾਈਪਾਰਕ ਤੋਂ ਭਾਰਤੀ ਮੂਲ ਦੇ ਲਿਬਰਲ ਆਰਿਫ਼ ਵਿਰਾਨੀ ਦੁਬਾਰਾ ਆਪਣੀ ਸੀਟ ਜਿੱਤ ਗਏ ਹਨ ਜਦੋਂ ਕਿ ਕੈਂਬਰਿਜ ਉਂਟੇਰੀਓ ਤੋਂ ਕੰਜ਼ਰਵੇਟਿਵ ਉਮੀਦਵਾਰ ਸੱਨੀ ਅਟਵਾਲ ਲਿਬਰਲ ਬਰਾਈਨ ਮੇਅ ਤੋਂ ਹਾਰ ਗਿਆ ਹੈ।

# ਕੈਨੇਡਾ ਦੀਆਂ 43ਵੀਂਆਂ ਪਾਰਲੀਮੈਂਟ ਚੋਣਾਂ 'ਚ ਪੰਜਾਬੀ ਮੂਲ ਦੇ ਜੇਤੂ ਪਾਰਲੀਮੈਂਟ ਮੈਂਬਰ


ਜਗਮੀਤ ਸਿੰਘ


ਨਵਦੀਪ ਬੈਂਸ



ਹਰਜੀਤ ਸਿੰਘ ਸੱਜਣ


ਟਿਮ ਉਪਲ


ਰਨਦੀਪ ਸਰਾਏ


ਜਸਰਾਜ ਹੱਲਨ


ਮਨਿੰਦਰ ਸਿੱਧੂ


ਸੁਖ ਧਾਲੀਵਾਲ


ਰਾਜ ਸੈਣੀ


ਗਗਨ ਸਿਕੰਦ


ਬੌਬ ਸਰੋਆ


ਰਾਮੇਸ਼ਵਰ ਸੰਘਾ


ਸੋਨੀਆ ਸਿੱਧੂ


ਅਨੀਤਾ ਆਨੰਦ


ਬਰਦਿਸ਼ ਚੱਗੜ


ਅੰਜੂ ਢਿੱਲੋਂ


ਕਮਲ ਖਹਿਰਾ


ਰੂਬੀ ਸਹੋਤਾ


Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

ALLKIND INSURANCE NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272
www.allkindinsurance.com

INSURANCE
Home • Auto • Business • Trucking • Life Insurance • Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public 905-362-0755

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE | A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

SNOW PLOWING & SALTING SERVICES
WE SERVICE ALL KINDS OF PROPERTIES
- Truck & Trailer parking yards
- Plazas & Industrial buildings
- Banquet halls & restaurants
- Gas stations & repair shops
- Offices & Clinics
FREE
We are Professional, Reliable & Experienced
AAA LANDSCAPING CO. LTD 647-784-1213

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance • Walkie pallet • Electric Motor Narrow Aisle Reach • Cherry Order Picker
License $69 Toll Free: 1 855 230 0011
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0011
NC Dhawan Certified Instructor

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL
416 938 4598

MANN LAW FIRM
Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc.
647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

# NEED A LAWYER ??

# KAUR LAW OFFICE

Red Seal NOTARY



MANJEET KAUR
LL.B., (London UK)
Barrister, Solicitor & Notary Public

**REAL ESTATE LAWYER**

- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**

- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**

- Child & Spousal support
- Custody & Access
- Divorce
- Equalization



**BUSINESS LAW**

- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**

- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



# ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?



Anabela Serra
Sales Representative

ਸੰਪਰਕ ਕਰੋ:
416-400-5825

ROYAL LEPAGE
SUPREME REALTY, BROKERAGE*
*INDEPENDENTLY OWNED AND OPERATED

**63 Talbot Street / BRAMPTON $729,900**



Stunningly Fully & Tastefully Renovated 3+1 Bedrooms, 3 Bathrooms, Home In The City Of Brampton. Step Right In To Your Foyer Entryway With A Great Size Stone Accent Wall. Enjoy A Relaxing And Romantic Evening, Sitting By The Fire, Watching A Movie, Or Even Just Listening To Music. Open Concept Living And Dining Room. Great Size Backyard For Your Entertainment. Located Near The Go Train, Transportation,

**12 Bluffmeadow Street / BRAMPTON $989,000**



Welcome To Model Like Home -12 Bluffmeadow Street. 4 Bedroom, 3 Bathroom Family Home With Dark Stained Hardwood Flooring Throughout And Dark Stained Oak Staircase. Gourmet Kitchen With Granite Counter Tops, Island And Breakfast Bar Area. Second Floor Nook, Open Concept, Can Be Used In Multiple Ways; Office, Play Area, And/Or Your Reading Place. Enjoy A Relaxing Bath In Your Own Ensuite Jacuzzi Tub.

For More listings Visit anabelaserra.com



# BEST FOR DIWALI GIFT

ALL PHOTOS IN **24K GOLD** GUARANTEED



FOR WHOLESALE & RETAIL
ALL INQUIRES CALL
TARSEM SINGH 647-206-6109






chatr AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

## ਅੱਜ ਨਾਮਾ

ਹਲਕਿਆਂ ਚਹੁੰਆਂ ਦਾ ਜਦੋਂ ਕੁਝ ਕੰਮ ਮੁੱਕਾ,
ਚੱਲ ਪਿਆ ਤੁਰਤ ਕਿਆਫੇ ਦਾ ਦੌਰ ਮੀਆਂ।
ਪਹਿਲਾਂ ਵਾਲੀ ਨਾ ਰਹੀ ਫਿਰ ਬਾਤ ਕਿਧਰੇ,
ਬਣ ਗਈ ਹਾਲਤ ਹੈ ਔਰ ਦੀ ਔਰ ਮੀਆਂ।
ਢਾਈਆਂ ਵਰ੍ਹਿਆਂ ਦੇ ਸੀਨ ਤਾਂ ਬਦਲਣੇ ਸੀ,
ਬਦਲਦੇ ਲੱਗਣ ਛਿਮਾਹੀ ਵਿੱਚ ਤੌਰ ਮੀਆਂ।
ਫਿਰ ਵੀ ਸਾਰੇ ਪੰਜਾਬ ਵਿੱਚ ਘੁੰਮਣ ਪਿੱਛੋਂ,
ਮੁੜ-ਮੁੜ ਦਾਖੇ ਦੇ ਤਰਫ ਆ ਗੌਰ ਮੀਆਂ।
ਓਧਰ ਛਿੜ ਹਰਿਆਣਾ ਵਿੱਚ ਬੜੀ ਸੁਣਦੀ,
ਬਾਹਲੀ ਮੋਦੀ ਨੂੰ ਕੌੜ ਫਿਰ ਚੜ੍ਹੀ ਸੁਣਿਆ।
ਫਸ ਗਿਆ ਛੇੜ ਕੇ ਛੇੜ ਸੁਖਬੀਰ ਲੱਗਦਾ,
ਐਵੇਂ ਮਾਰ ਗਿਆ ਫੋਕੀ ਸੀ ਤੜ੍ਹੀ ਸੁਣਿਆ।

ਤੀਸ ਮਾਰ ਖਾਂ

# ਪ੍ਰੀਮੀਅਰ ਡੱਗ ਫੋਰਡ ਨੇ ਤਿੰਨ ਕੈਬਨਿਟ ਮੰਤਰੀਆਂ ਦੀਆਂ ਜ਼ਿੰਮੇਵਾਰੀਆਂ ਬਦਲੀਆਂ

ਓਨਟਾਰੀਓ, 21 ਅਕਤੂਬਰ (ਪੋਸਟ ਬਿਊਰੋ) : ਓਨਟਾਰੀਓ ਪ੍ਰੀਮੀਅਰ ਡੱਗ ਫੋਰਡ ਵੱਲੋਂ ਆਪਣੇ ਤਿੰਨ ਕੈਬਨਿਟ ਮੰਤਰੀਆਂ ਦੀਆਂ ਜ਼ਿੰਮੇਵਾਰੀਆਂ ਬਦਲ ਦਿੱਤੀਆਂ ਗਈਆਂ ਹਨ।

ਸੋਮਵਾਰ ਨੂੰ ਜਾਰੀ ਕੀਤੇ ਗਏ ਬਿਆਨ ਵਿੱਚ ਫੋਰਡ ਨੇ ਆਖਿਆ ਕਿ ਉਹ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਤੇ ਨਿੱਕੇ ਕਾਰੋਬਾਰਾਂ ਨੂੰ ਸਹਿਯੋਗ ਦੇਣ ਲਈ ਤਿੰਨ ਪੋਰਟਫੋਲੀਓਜ਼ ਨੂੰ ਮੁੜ ਤਰਤੀਬ ਦੇ ਰਹੇ ਹਨ। ਲੇਬਰ ਮੰਤਰੀ ਮੌਂਟੀ ਮੈਕਨੌਟਨ ਹੁਣ ਟਰੇਨਿੰਗ ਐਂਡ ਸਕਿੱਲਜ਼ ਡਿਵੈਲਪਮੈਂਟ ਵਿਭਾਗ ਦਾ ਕੰਮਕਾਜ ਸਾਂਭਣਗੇ। ਜਿਹੜੀਆਂ ਨਵੀਆਂ ਡਿਊਟੀਆਂ ਉਨ੍ਹਾਂ ਨੂੰ ਦਿੱਤੀਆਂ ਜਾ ਰਹੀਆਂ ਹਨ ਉਹ ਪਹਿਲਾਂ ਕਾਲੇਜਿਜ਼ ਐਂਡ ਯੂਨੀਵਰਸਿਟੀਜ਼ ਮੰਤਰੀ ਰੌਸ ਰੋਮਾਨੋ ਦੇ ਕੰਮ ਦਾ ਹਿੱਸਾ ਸਨ।

ਲੀਜ਼ਾ ਮੈਕਲਿਓਡ, ਜੋ ਕਿ ਇਸ ਸਮੇਂ ਸਪੋਰਟ, ਟੂਰਿਜ਼ਮ ਐਂਡ ਕਲਚਰ ਮੰਤਰੀ ਹੈ, ਆਪਣੀਆਂ ਮੌਜੂਦਾ



ਜ਼ਿੰਮੇਵਾਰੀਆਂ ਦੇ ਨਾਲ ਨਾਲ ਪ੍ਰੋਵਿੰਸ਼ੀਅਲ ਹੈਰੀਟੇਜ ਮਹਿਕਮੇ ਦਾ ਕੰਮਕਾਜ ਵੀ ਸਾਂਭੇਗੀ। ਪ੍ਰੀਮੀਅਰ ਦੇ ਆਫਿਸ ਦੇ ਬੁਲਾਰੇ ਵੱਲੋਂ ਇਸ ਨੂੰ ਮਾਮੂਲੀ ਜਿਹੀ ਤਬਦੀਲੀ ਦੱਸਿਆ ਗਿਆ ਤੇ ਆਖਿਆ ਗਿਆ ਕਿ ਮੰਤਰੀਆਂ ਦੇ ਟਾਈਟਲਜ਼ ਵਿੱਚ ਫੇਰਬਦਲ ਤੋਂ ਇਲਾਵਾ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਤੇ ਤਨਖਾਹਾਂ ਪਹਿਲਾਂ ਵਰਗੀਆਂ ਹੀ ਰਹਿਣਗੀਆਂ। ਜ਼ਿਕਰਯੋਗ ਹੈ ਕਿ ਜੂਨ ਵਿੱਚ ਗਰਮੀ ਦੀਆਂ ਛੁੱਟੀਆਂ ਕਾਰਨ ਉਠਾਏ ਜਾਣ ਤੋਂ ਬਾਅਦ ਪ੍ਰੋਵਿੰਸ਼ੀਅਲ ਵਿਧਾਨਸਭਾ ਵਧਾਈ ਗਈ ਬ੍ਰੇਕ ਉੱਤੇ ਹੀ ਹੈ ਤੇ ਇਸ ਦਾ ਨਵਾਂ ਸੈਸ਼ਨ ਅਗਲੇ ਹਫਤੇ 28 ਅਕਤੂਬਰ ਤੋਂ ਸ਼ੁਰੂ ਹੋਣ ਜਾ ਰਿਹਾ ਹੈ।

ਮੀਡੀਆ ਤੇ ਜਨਤਾ ਨੂੰ ਅਗਾਊਂ ਨੋਟਿਸ ਦਿੱਤੇ ਬਗੈਰ ਬੰਦ ਦਰਵਾਜ਼ਿਆਂ ਪਿੱਛੇ ਇਸ ਤਰ੍ਹਾਂ ਦੇ ਫੈਸਲੇ ਕਰਨ ਲਈ ਫੋਰਡ ਸਰਕਾਰ ਨੂੰ ਪਾਰਦਰਸ਼ਤਾ ਨਾ ਵਰਤਣ ਲਈ ਕਈ ਤਰ੍ਹਾਂ ਦੇ ਸਵਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਮੈਕਲਿਓਡ ਤੇ ਮੈਕਨਾਟਨ ਨੂੰ ਕੁਈਨ ਪਾਰਕ ਵਿਖੇ 11:00 ਵਜੇ ਰੱਖੇ ਗਏ ਇੱਕ ਸਮਾਰੋਹ ਦੌਰਾਨ ਲੈਫਟੀਨੈਂਟ ਗਵਰਨਰ ਐਲਿਜ਼ਾਬੈੱਥ ਡਾਉਡਸਵੈੱਲ ਤੇ ਪ੍ਰੀਮੀਅਰ ਡੱਗ ਫੋਰਡ ਵੱਲੋਂ ਸੰਹੁ ਚੁਕਾਈ ਗਈ। ਇਹ ਤਬਦੀਲੀਆਂ ਮੀਡੀਆ ਮੈਂਬਰਾਂ ਲਈ ਵੀ ਸਰਪ੍ਰਾਈਜ਼ ਹੀ ਹਨ। ਗ੍ਰੀਨ ਪਾਰਟੀ ਆਗੂ ਮਾਈਕ ਸ਼ਰੇਨਰ ਵੱਲੋਂ ਪ੍ਰਾਈਵੇਟ ਤੌਰ ਉੱਤੇ ਸੰਹੁ ਚੁੱਕ ਪ੍ਰੋਗਰਾਮ ਕਰਵਾਏ ਜਾਣ ਉੱਤੇ ਫੋਰਡ ਦੀ ਨੁਕਤਾਚੀਨੀ ਕੀਤੀ ਗਈ।

# ਰੋਬੋਕਾਲਜ਼ ਰਾਹੀਂ ਵੋਟਰਾਂ ਨੂੰ ਗੁੰਮਰਾਹ ਕਰਨ ਦੀ ਕੀਤੀ ਗਈ ਕੋਸ਼ਿਸ਼

ਟੋਰਾਂਟੋ, 21 ਅਕਤੂਬਰ (ਪੋਸਟ ਬਿਊਰੋ) : ਸੋਮਵਾਰ ਨੂੰ ਲੜੀਵਾਰ ਕੀਤੀਆਂ ਗਈਆਂ ਰੋਬੋਕਾਲਜ਼ ਵਿੱਚ ਕੇਨੇਡੀਅਨਾਂ ਨੂੰ ਇਹ ਕਹਿ ਕੇ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ ਚੋਣਾਂ ਮੰਗਲਵਾਰ ਨੂੰ ਹਨ।



ਕਿਊਬਿਕ, ਨਿਊ ਬਰੰਜ਼ਵਿੱਕ ਤੇ ਨੋਵਾ ਸਕੋਸ਼ੀਆ ਦੇ ਵੋਟਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਆਟੋਮੇਟਿਡ ਟੈਲੀਫੋਨ ਮੈਸੇਜ ਆਇਆ ਕਿ ਉਹ 22 ਅਕਤੂਬਰ, ਦਿਨ ਮੰਗਲਵਾਰ ਨੂੰ ਵੋਟਾਂ ਪਾਉਣ ਲਈ ਜਾਣ। ਪਰ ਅਸਲ ਵਿੱਚ ਕੈਨੇਡਾ ਵਿੱਚ ਵੋਟਾਂ ਪੈਣ ਦਾ ਆਖਰੀ ਦਿਨ 21 ਅਕਤੂਬਰ ਦਿਨ ਸੋਮਵਾਰ ਸੀ।

ਇਸ ਦੌਰਾਨ ਹੱਲ-ਏਮਰ ਹਲਕੇ ਤੋਂ ਮੁੜ ਖੜ੍ਹੇ ਹੋਏ ਲਿਬਰਲ ਐਮਪੀ ਗ੍ਰੈੱਗ ਫਰਗੁਸ ਨੇ ਫੇਸਬੁੱਕ ਰਾਹੀਂ ਆਪਣੇ ਸਮਰਥਕਾਂ ਨੂੰ ਇਸ ਤਰ੍ਹਾਂ ਦੇ ਸੁਨੇਹਿਆਂ ਵੱਲ ਗੌਰ ਨਾ ਕਰਨ ਦੀ ਅਪੀਲ ਕੀਤੀ।

GNR ਹਰਬਲ ਤੇਲ | 647-853-5800
globalnaturalremedies@yahoo.com
Ask For:
•Saffron Oil
•Therapeutic Essential Oils
•Herbal Teas
Ext. Use Only
Pain-Care — Joint Support — $9.99
He-Oil — For Men Only — $19.99
Stress-Care — Feel Relaxed — $9.99
GLOBAL NATURAL REMEDIES

# ਸਿਆਸੀ ਪਾਰਟੀਆਂ ਲਈ 2015 ਅਤੇ 2019 ਵਿਚਲਾ ਫ਼ਰਕ

ਕੱਲ ਪੰਜਾਬੀ ਪੋਸਟ ਨੇ ਆਪਣੇ ਸੰਪਾਦਕੀ ਵਿੱਚ ਲਿਖਿਆ ਸੀ ਕਿ ਕਈ ਵਾਰ ਵੱਧ ਪ੍ਰਤੀਸ਼ਤ ਵੋਟਾਂ ਲੈਣ ਵਾਲੀ ਪਾਰਟੀ ਨੂੰ ਘੱਟ ਸੀਟਾਂ ਮਿਲਦੀਆਂ ਹੁੰਦੀਆਂ ਹਨ ਜੋ ਕਿ ਇਸ ਵਾਰ ਸੱਚ ਸਾਬਤ ਹੋਇਆ ਹੈ। ਕੰਜ਼ਰਵੇਟਿਵ ਪਾਰਟੀ ਨੂੰ ਬੇਸ਼ੱਕ ਲਿਬਰਲ ਪਾਰਟੀ ਦੇ 33% ਦੇ ਮੁਕਾਬਲੇ 34.4% ਪ੍ਰਤੀਸ਼ਤ ਵੋਟਾਂ ਮਿਲੀਆਂ ਪਰ ਇਸਦੇ ਬਾਵਜੂਦ ਲਿਬਰਲ ਪਾਰਟੀ ਨੂੰ 156 ਸੀਟਾਂ ਹਾਸਲ ਹੋਈਆਂ ਹਨ ਜਦੋਂ ਕਿ ਕੰਜ਼ਰਵੇਟਿਵ ਸਿਰਫ਼ 121 ਸੀਟਾਂ ਜਿੱਤ ਸਕੇ ਹਨ। ਜੇ 2019 ਦਾ 2015 ਨਾਲ ਮੁਕਾਬਲਾ ਕਰਕੇ ਵੇਖਿਆ ਜਾਵੇ ਤਾਂ ਅਸੀਂ ਵੇਖਦੇ ਹਾਂ ਕਿ 2015 ਵਿੱਚ ਲਿਬਰਲ ਪਾਰਟੀ ਨੂੰ 39.5% ਵੋਟਾਂ ਮਿਲੀਆਂ ਸਨ ਜਿਸ ਕਾਰਣ 184 ਐਮ ਪੀ ਹਾਊਸ ਆਫ਼ ਕਾਮਨਜ਼ ਵਿੱਚ ਗਏ ਜਦੋਂ ਕਿ ਕੰਜ਼ਰਵੇਟਿਵ ਪਾਰਟੀ ਨੂੰ 31.9% ਵੋਟਾਂ ਮਿਲੀਆਂ ਅਤੇ ਉਸਦੇ 99 ਐਮ ਪੀ ਜਿੱਤੇ ਸਨ। ਇਸਦਾ ਅਰਥ ਹੈ ਕਿ ਲਿਬਰਲ ਪਾਰਟੀ ਦੀ ਵੋਟ ਪ੍ਰਤੀਸ਼ਤਤਾ ਵਿੱਚ ਇਸ ਵਾਰ 6.5% ਦੀ ਕਮੀ ਆਈ ਅਤੇ ਉਸਨੂੰ ਪਿਛਲੀ ਵਾਰ ਨਾਲੋਂ ਇਸ ਦਫ਼ਾ 28 ਐਮ ਪੀ ਘੱਟ ਮਿਲੇ ਹਨ ਜਦੋਂ ਕਿ ਟੋਰੀਆਂ ਨੂੰ 2.5% ਵੋਟਾਂ ਵੱਧ ਮਿਲੀਆਂ ਜਿਸ ਸਦਕਾ 22 ਸੀਟਾਂ ਵੱਧ ਮਿਲੀਆਂ। 2015 ਵਿੱਚ ਐਨ ਡੀ ਪੀ ਨੂੰ 19.7% ਵੋਟਾਂ ਹਾਸਲ ਹੋਈਆਂ ਸਨ ਅਤੇ ਉਸਦੇ 44 ਐਮ ਪੀ ਜਿੱਤੇ ਸੀ ਜਿਸਦੇ ਮੁਕਾਬਲੇ 2019 ਵਿੱਚ ਐਨ ਡੀ ਪੀ ਨੂੰ ਸਿਰਫ਼ 15।8% ਵੋਟ ਮਿਲੇ ਹਨ ਅਤੇ 25 ਐਮ ਪੀ ਚੁਣੇ ਜਾਣਗੇ। ਬਲਾਕ ਕਿਊਬੇਕਾ ਨੇ 2015 ਵਿੱਚ 4.7% ਵੋਟਾਂ ਲੈ ਕੇ 10 ਐਮ ਪੀ ਬਣਾਏ ਸਨ ਜਦੋਂ ਕਿ ਇਸ ਸਾਲ ਇਸ ਪਾਰਟੀ ਨੂੰ 8.1% ਵੋਟਾਂ ਮਿਲਣ ਸਦਕਾ 32 ਐਮ ਪੀ ਚੁਣ ਕੇ ਪਾਰਲੀਮੈਂਟ ਵਿੱਚ ਜਾਣ ਦਾ ਮਾਣ ਹਾਸਲ ਹੋਵੇਗਾ।

# ਬਰੈਂਪਟਨ ਵੱਲੋਂ ਨਵੇਂ ਚੀਫ ਐਡਮਨਿਸਟ੍ਰੇਟਿਵ ਆਫੀਸਰ ਦਾ ਐਲਾਨ

ਬਰੈਂਪਟਨ, 21 ਅਕਤੂਬਰ (ਪੋਸਟ ਬਿਊਰੋ) : ਬਰੈਂਪਟਨ ਸਿਟੀ ਕਾਉਂਸਲ ਵੱਲੋਂ ਸਿਟੀ ਦੇ ਨਵੇਂ ਚੀਫ ਐਡਮਨਿਸਟ੍ਰੇਟਿਵ ਆਫੀਸਰ (ਸੀਏਓ) ਡੇਵਿਡ ਬੈਰਿਕ ਨੂੰ ਸਰਬਸੰਮਤੀ ਨਾਲ ਨਿਯੁਕਤ ਕੀਤੇ ਜਾਣ ਦਾ ਐਲਾਨ ਕੀਤਾ ਗਿਆ।

ਬੈਰਿਕ ਨੇ ਸਿਟੀ ਆਫ ਬਰੈਂਪਟਨ ਵਿੱਚ ਇਸ ਅਹੁਦੇ ਉੱਤੇ ਪ੍ਰਾਈਵੇਟ ਤੇ ਪਬਲਿਕ ਸੈਕਟਰ ਦੇ ਰਲਵੇਂ ਮਿਲਵੇਂ ਤਜਰਬੇ ਦੇ ਆਧਾਰ ਉੱਤੇ ਜੁਆਇਨ ਕੀਤਾ। ਇਸ ਤੋਂ ਪਹਿਲਾਂ ਉਹ ਕਾਰ-ਪੋਰੇਟ ਸਰਵਿਸਿਜ਼ ਦੇ ਡਾਇਰੈਕਟਰ ਅਤੇ ਨਾਇਗਰਾ ਪੈਨਿਨਸੁਲਾ ਕੰਜ਼ਰਵੇਸ਼ਨ ਅਥਾਰਟੀ ਦੇ ਕਾਰਜਕਾਰੀ ਸੀਈਓ ਵਜੋਂ ਤਾਇਨਾਤ ਸਨ। ਸਿਟੀ ਨਾਲ ਬੈਰਿਕ 23 ਅਕਤੂਬਰ, 2019 ਤੋਂ ਆਪਣੀ ਡਿਊਟੀ ਜੁਆਇਨ ਕਰ ਲੈਣਗੇ।

ਆਪਣੀ 7 ਅਗਸਤ, 2019 ਨੂੰ ਹੋਈ



ਮੀਟਿੰਗ ਵਿੱਚ ਸਿਟੀ ਕਾਉਂਸਲ ਵੱਲੋਂ ਚੀਫ ਐਡਮਨਿਸਟ੍ਰੇਟਿਵ ਆਫੀਸਰ ਰਕਰੂਟਮੈਂਟ ਕਮੇਟੀ ਕਾਇਮ ਕੀਤੀ ਗਈ। ਇਸ ਕਮੇਟੀ ਦੀ ਪ੍ਰਧਾਨਗੀ ਮੇਅਰ ਬ੍ਰਾਊਨ ਵੱਲੋਂ ਕੀਤੀ ਗਈ ਤੇ ਇਸ ਵਿੱਚ ਕਾਉਂਸਲ ਦੇ ਸਾਰੇ ਮੈਂਬਰਾਂ ਨੂੰ ਸ਼ਾਮਲ ਕੀਤਾ ਗਿਆ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਰਵਿਦਾਸ ਮੰਦਰ ਤੁਗਲਕਾਬਾਦ ਵਿੱਚ ਉਸੇ ਥਾਂ ਬਣਾਏ ਜਾਣ ਲਈ ਸੁਪਰੀਮ ਕੋਰਟ ਵੱਲੋਂ ਮਨਜ਼ੂਰੀ

ਨਵੀਂ ਦਿੱਲੀ, 21 ਅਕਤੂਬਰ, (ਪੋਸਟ ਬਿਊਰੋ)- ਰਵਿਦਾਸ ਮੰਦਰ ਦੀ ਮੁੜ ਉਸਾਰੀ ਦੀ ਕੇਂਦਰ ਸਰਕਾਰ ਦੀ ਤਜਵੀਜ਼ ਅੱਜ ਸੋਮਵਾਰ ਨੂੰ ਸੁਪਰੀਮ ਕੋਰਟ ਨੇ ਪ੍ਰਵਾਨ ਕਰ ਲਈ ਹੈ। ਮੰਦਰ ਦੀ ਮੁੜ ਉਸਾਰੀ ਤੁਗ਼ਲਕਾਬਾਦ ਜੰਗਲ ਖੇਤਰ ਵਿੱਚ ਉਸੇ ਥਾਂ ਹੋਵੇਗੀ, ਜਿੱਥੋਂ ਉਸ ਨੂੰ ਅਗਸਤ ਵਿੱਚ ਸੁਪਰੀਮ ਕੋਰਟ ਦੇ ਹੁਕਮ ਨਾਲ ਹਟਾਇਆ ਗਿਆ ਸੀ।

ਸੁਪਰੀਮ ਕੋਰਟ ਦੇ ਜਸਟਿਸ ਅਰੁਣ ਮਿਸ਼ਰਾ ਅਤੇ ਜਸਟਿਸ ਐੱਸ ਰਵਿੰਦਰ ਭੱਟ ਦੀ ਬੈਂਚ ਨੇ ਰਵਿਦਾਸ ਮੰਦਰ ਨੂੰ ਅਲਾਟ ਕੀਤੀ ਜਾਣ ਵਾਲੀ ਜ਼ਮੀਨ ਦਾ ਖੇਤਰਫਲ ਵਧਾਉਣ ਦੀ ਕੇਂਦਰ ਸਰਕਾਰ ਦੀ ਤਜਵੀਜ਼ ਮਨਜ਼ੂਰ ਕਰ ਲਈ ਤੇ ਇਸ ਦੌਰਾਨ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਵੀ ਅਦਾਲਤ ਨੂੰ ਦੱਸਿਆ ਕਿ ਕੇਂਦਰਦੀ ਸਰਕਾਰ 400 ਵਰਗ ਮੀਟਰ ਜ਼ਮੀਨ ਅਲਾਟ ਕਰਨ ਨੂੰ ਤਿਆਰ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਸ਼ਰਧਾਲੂਆਂ ਅਤੇ ਅਧਿਕਾਰੀਆਂ ਸਮੇਤ ਸਭ ਸਬੰਧਤ ਧਿਰਾਂ ਨਾਲ ਗੱਲਬਾਤ ਤੋਂ ਬਾਅਦ ਜ਼ਮੀਨ ਦੇਣ ਲਈ ਸਹਿਮਤੀ ਪ੍ਰਗਟ ਕੀਤੀ ਹੈ। ਇਸ ਪਿੱਛੋਂ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਨਿਰਦੇਸ਼ ਦਿੱਤਾ ਕਿ ਉਹ ਛੇ ਹਫ਼ਤਿਆਂ ਦੇ ਅੰਦਰ ਮੰਦਰ ਦੇ ਉਸਾਰੀਦੇ ਕਾਰਜ ਦੀ ਨਿਗਰਾਨੀ ਲਈ ਕਮੇਟੀ ਬਣਾ ਦੇਵੇ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

UK TRUCK TRAINING CENTRE
ukttc
PCC #179958
Registered as a Private Careers College
Forklift $79 Recertification
Automatic & Manual Trucks
○1:1 Training
Air Brake Classes Sat-Sun 8am to 4pm
Forklift Training
Counterbalance
Reach Truck
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਪੰਜਾਬੀ ਪੋਸਟ 'ਚ ਸੇਲਜ਼ ਐਗਜ਼ੀਕਿਊਟਵਜ਼ ਦੀ ਲੋੜ
ਤਨਖਾਹ+ ਕਮਿਸ਼ਨ, ਪ੍ਰਤੀ ਸਾਲ 50,000 ਡਾਲਰ, ਆਪਣੀ ਕਾਰ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਤੇ ਪੰਜਾਬੀ ਬੋਲਣ 'ਚ ਮੁਹਾਰਤ ਹਾਸਿਲ ਹੋਵੇ। ਆਪਣਾ ਬਾਇਓਡਾਟਾ balwinder@punjabi-post.ca ਈਮੇਲ ਆਈਡੀ ਉਤੇ ਭੇਜ ਸਕਦੇ ਹੋ।
ਸੰਪਰਕ: 905-793-2202

PUNJABI POST
NOW HIRING!
SALES EXECUTIVES
Salary $19/hr + Bonus, Must be Sales Skill Master, have own car, fluent in english & punjabi.
Send your resume at: balwinder@punjabipost.ca
Call Punjabi Post: 905.793.2202

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋਂ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੂਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

# ਅਕਾਲ ਤਖ਼ਤ ਦਾ ਫੈਸਲਾ: ਪ੍ਰਕਾਸ਼ ਪੁਰਬ ਸਮਾਗਮ ਸ਼੍ਰੋਮਣੀ ਕਮੇਟੀ ਦੀ ਅਗਵਾਈ ਹੇਠ, ਪਰ ਗੈਰ ਸਿਆਸੀ ਹੋਵੇਗਾ



ਅੰਮ੍ਰਿਤਸਰ, 21 ਅਕਤੂਬਰ, (ਪੋਸਟ ਬਿਊਰੋ)- ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਪੰਜਾਬ ਸਰਕਾਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲ ਪ੍ਰਕਾਸ਼ ਉਤਸਵ ਦੇ ਸਮਾਗਮ ਦੀ ਸਟੇਜ ਦਾ ਮਸਲਾ ਸੁਲਝਾਉਣ ਬਾਰੇ ਕੀਤੀ ਮੀਟਿੰਗ ਦਾ ਫੈਸਲਾ ਆ ਗਿਆ ਹੈ। ਅੱਜ ਦੀ ਬੈਠਕ ਵਿੱਚ ਪੰਜ ਸਿੰਘ ਸਾਹਿਬਾਨ ਨੇ ਫੈਸਲਾ ਦਿੱਤਾ ਹੈ ਕਿ ਸਟੇਜ ਸਾਂਝੀ ਹੋਵੇਗੀ, ਜਿਸ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਕਰੇਗੀ, ਪਰ ਇਸ ਦੌਰਾਨ ਕਿਸੇ ਵੀ ਧਿਰ ਨੂੰ ਕੋਈ ਰਾਜਸੀ ਗੱਲ ਨਹੀਂ ਕਰਨ ਦਿੱਤੀ ਜਾਵੇਗੀ।

ਸਿੰਘ ਸਾਹਿਬਾਨ ਦੀ ਅੱਜ ਅਕਾਲ ਤਖਤ ਵਿਖੇ ਹੋਈ ਇਸ ਬੈਠਕ ਵਿੱਚ ਵੱਖ-ਵੱਖ ਸਿੱਖ ਜਥੇਬੰਦੀਆਂ ਅਤੇ ਸਿੱਖ ਸੰਪਰਦਾਵਾਂ ਦੇ ਮੁਖੀਆਂ ਨੂੰ ਵੀ ਰਾਏ ਲੈਣਨੂੰਸੱਦਿਆ ਗਿਆ ਸੀ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਪਿਛਲੇ ਸਮੇਂ ਵਿੱਚ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਵਿਚਾਲੇ ਸਟੇਜ ਦਾ ਮਸਲਾ ਹੱਲ ਕਰਨ ਵਿੱਚ ਅਸਫਲ ਰਹੇ ਸਨ ਤੇ ਆਖਰੀ ਵਕਤ ਤੱਕ ਕੋਸ਼ਿਸ਼ਾਂ ਚੱਲਦੀਆਂ ਰਹੀਆਂ ਸਨ। ਅੱਜ ਦੀ ਸਿੰਘ ਸਾਹਿਬਾਨ ਦੀ ਬੈਠਕ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਵੀ ਸੱਦਿਆ ਗਿਆ ਸੀ।

ਮੀਟਿੰਗ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਸਿੰਘ ਸਾਹਿਬਾਨ ਦੇ ਫੈਸਲੇ ਮੁਤਾਬਕ ਸੁਲਤਾਨਪੁਰ ਲੋਧੀ ਦੇ ਗੁਰਦੁਆਰਾ ਗੁਰੂ ਕੀ ਬੇਰ ਵਿਖੇ ਹੋਣ ਵਾਲੇ ਪ੍ਰਕਾਸ਼ ਉਤਸਵ ਸਮਾਗਮ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਹੀ ਦੇਖੇਗੀ ਅਤੇ ਸਾਰੀਆਂ ਪ੍ਰਮੁੱਖ ਸ਼ਖ਼ਸੀਅਤਾਂ ਇਸੇ ਥਾਂ ਨਤਮਸਤਕ ਹੋਣਗੀਆਂ। ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਹੈ ਕਿ ਸਮਾਗਮ ਗੈਰ ਸਿਆਸੀ ਰੱਖਿਆ ਜਾਵੇ ਤੇ ਸਾਰੀਆਂ ਸ਼ਖ਼ਸੀਅਤਾਂ ਸਿਰਫ ਗੁਰੂ ਸਾਹਿਬ ਦੇ ਬਾਰੇ ਹੀਗੱਲ ਕਰਨਗੀਆਂ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਪੁਰਬ ਬਾਰੇਕੀਤੇ ਜਾ ਸਾਰੇ ਸਮਾਗਮਾਂ ਦੀ ਸਟੇਜ ਉੱਤੇ ਅਕਾਲ ਤਖ਼ਤ ਵਲੋਂ ਨਜ਼ਰ ਰੱਖੀ ਜਾਵੇਗੀ, ਇਸ ਦੌਰਾਨ ਕਿਸੇ ਵੀ ਧਿਰ ਵੱਲੋਂ ਲਾਈ ਸਟੇਜ ਉੱਤੇ ਸਿਆਸੀ ਗੱਲਬਾਤ ਨਹੀਂ ਕਰਨ ਦਿੱਤੀ ਜਾਵੇਗੀ।

ਜਦੋਂ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਪੁੱਛਿਆ ਕਿ ਕਾਂਗਰਸ ਨਾਲ ਏਕਤਾ ਦੀ ਗੱਲ ਅਸਫਲ ਰਹੀ ਹੈ ਤਾਂ ਕੀ ਉਹ ਆਪਣੀ ਵੱਖਰੀ ਸਟੇਜ ਵੀ ਲਾਉਣਗੇ, ਜਥੇਦਾਰ ਨੇ ਕਿਹਾ ਕਿ ਕਾਂਗਰਸ ਸਮੇਤ ਹਰ ਕੋਈ ਜਥੇਬੰਦੀ ਸੁਲਤਾਨਪੁਰ ਲੋਧੀ ਵਿਖੇ ਸਟੇਜ ਲਾ ਸਕਦੀ ਹੈ, ਪਰ ਸਿਰਫ ਇੱਕੋ ਅਪੀਲ ਹੈ ਕਿ ਸਟੇਜ ਹਰ ਕੋਈ ਲਾ ਸਕਦਾ ਹੈ, ਉਸ ਜਗ੍ਹਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੇ ਉਨ੍ਹਾਂ ਦੇ ਫਲਸਫੇ ਦੀ ਹੀ ਗੱਲ ਕੀਤੀ ਜਾਵੇ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਮੁੱਖ ਸਮਾਗਮ ਦੀ ਸਟੇਜ ਉੱਪਰ ਧਾਰਮਿਕ ਸ਼ਖ਼ਸੀਅਤਾਂ, ਦੇਸ਼ ਦੇ ਪ੍ਰਧਾਨ ਮੰਤਰੀ, ਰਾਸ਼ਟਰਪਤੀ ਜਾਂ ਉਨ੍ਹਾਂ ਦੇ ਪ੍ਰਤੀਨਿਧ, ਸ਼੍ਰੋਮਣੀ ਕਮੇਟੀ ਦਾ ਪ੍ਰਧਾਨ, ਪੰਜਾਬ ਦਾ ਮੌਜੂਦਾ ਅਤੇ ਸਾਬਕਾ ਮੁੱਖ ਮੰਤਰੀ ਅਤੇ ਭਾਰਤ ਦਾ ਇਕ ਸਾਬਕਾ ਪ੍ਰਧਾਨ ਮੰਤਰੀ ਹੋਣਗੇ, ਪਰ ਇਸ ਸਟੇਜ ਤੋਂ ਕੋਈ ਸਿਆਸੀ ਗੱਲ ਨਹੀਂ ਹੋਵੇਗੀ, ਸਿਰਫ਼ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਤੇ ਜੀਵਨ ਬਾਰੇ ਹੀ ਚਰਚਾ, ਸੰਦੇਸ਼ ਤੇ ਵਿਚਾਰ ਪੇਸ਼ ਹੋਣਗੇ।

ਦੂਸਰੇ ਪਾਸੇ ਇਸ ਪੰਜਾਬ ਸਰਕਾਰ ਨੇ ਇਸ ਪ੍ਰਕਾਸ਼ ਉਤਸਵ ਮੌਕੇ ਆਪਣੀ ਸਟੇਜ ਲਾਉਣ ਦਾ ਫ਼ੈਸਲਾ ਕਰ ਲਿਆ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਬਣਾਈ ਦੋ ਮੈਂਬਰੀ ਕਮੇਟੀ ਦੇ ਮੈਂਬਰ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦਾ ਆਦੇਸ਼ ਮੰਨਦੇ ਹੋਏ ਪੰਜਾਬ ਸਰਕਾਰ ਦੀ ਸਟੇਜ ਤੋਂ ਕੋਈ ਸਿਆਸੀ ਗੱਲ ਨਹੀਂ ਹੋਵੇਗੀ, ਸਿਰਫ਼ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੀ ਚਰਚਾ ਹੋਵੇਗੀ। ਉਨ੍ਹਾਂ ਕਿਹਾ ਕਿ ਮੈਂ ਸਪੱਸ਼ਟ ਕਰਦਾ ਹਾਂ ਕਿ ਪੰਜਾਬ ਸਰਕਾਰ ਵੱਲੋਂ ਲਾਈ ਸਟੇਜ ਕਿਸੇ ਸਿਆਸੀ ਪਾਰਟੀ ਦੀ ਨਹੀਂ,ਰਾਜ ਸਰਕਾਰ ਦੀ ਹੈ, ਜਿਸ ਨੂੰ ਪੰਜਾਬ ਦੇ ਲੋਕਾਂ ਨੇ ਭਾਰੀ ਬਹੁਮਤ ਨਾਲ ਸੇਵਾ ਸੌਂਪੀ ਹੋਈ ਹੈ ਤੇ 12 ਨਵੰਬਰ ਦੇ ਸਾਰੇ ਪ੍ਰੋਗਰਾਮ ਮੁੱਖ ਮੰਤਰੀ ਦੀ ਅਗਵਾਈ ਵਾਲੀ ਪ੍ਰਬੰਧਕੀ ਕਮੇਟੀ ਬਣਾਏਗੀ। ਇਸ ਨਾਲ ਸਾਫ ਹੋ ਗਿਆ ਹੈ ਦੋ ਸਟੇਜਾਂ ਲੱਗਣਗੀਆਂ।

ਅਸਲ ਵਿੱਚ ਰਾਜ ਸਰਕਾਰ ਨੂੰ ਸਾਂਝੀ ਸਟੇਜ ਉੱਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਬਿਠਾਉਣ ਬਾਰੇ ਇਤਰਾਜ਼ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਕਿਸੇ ਇੱਕ ਵੀ ਸਿਆਸੀ ਪਾਰਟੀ ਦੇ ਪ੍ਰਧਾਨ ਅਤੇ ਸਾਬਕਾ ਮੁੱਖ ਮੰਤਰੀ ਨੂੰ ਜੇ ਸਟੇਜ ਬਿਠਾਇਆ ਤਾਂ ਹੋਰ ਪਾਰਟੀਆਂ ਦੇ ਪ੍ਰਧਾਨਾਂ ਨੂੰ ਬਿਠਾਉਣ ਦੀ ਮੰਗ ਉੱਠਣੀ ਸੁਭਾਵਕ ਹੈ। ਸ਼੍ਰੋਮਣੀ ਕਮੇਟੀ ਦੀ ਸਾਂਝੀ ਸਟੇਜ ਉੱਤੇ ਬਾਦਲ ਬੈਠਣਗੇ ਕਿ ਨਹੀਂ, ਇਹ ਫ਼ੈਸਲਾ ਅੱਜ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਹੋਣਾ ਸੀ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵਿਚਕਾਰਲਾ ਰਾਹ ਅਪਣਾਉਂਦੇ ਹੋਏਇਹ ਮੁੱਖ ਸਮਾਗਮ ਸ਼੍ਰੋਮਣੀ ਕਮੇਟੀ ਨੂੰ ਸੌਂਪ ਕੇ ਪ੍ਰਕਾਸ਼ ਸਿੰਘ ਬਾਦਲ ਨੂੰ ਸਟੇਜ ਬਿਠਾਉਣ ਦਾ ਰਾਹ ਪੱਧਰਾ ਕਰ ਦਿੱਤਾ, ਪਰ ਦੂਸਰੇ ਪਾਸੇ ਪੰਜਾਬ ਸਰਕਾਰ ਨੂੰ ਵੱਖਰੀ ਸਟੇਜ ਲਾਉਣ ਦੀ ਖੁੱਲ੍ਹ ਦੇ ਦਿੱਤੀ ਹੈ।ਉਨ੍ਹਾਂ ਕਿਹਾ ਕਿ 11-12 ਨਵੰਬਰ ਨੂੰ ਕਰਾਏ ਜਾ ਰਹੇ ਮੁੱਖ ਸਮਾਗਮ ਗੁਰ-ਦੁਆਰਾ ਬੇਰ ਸਾਹਿਬ ਵਿਖੇ ਬਣਾਈ ਸ਼੍ਰੋਮਣੀ ਕਮੇਟੀਦੀ ਸਟੇਜਉਤੇ ਸਾਂਝੇ ਰੂਪ ਵਿਚ ਹੋਣਗੇ ਅਤੇ ਇਸ ਮੌਕੇ ਕਿਸੇ ਵੀ ਪਾਰਟੀ ਦਾ ਕੋਈ ਆਗੂ ਪੁੱਜ ਸਕਦਾ ਹੈ। ਇਹ ਫ਼ੈਸਲੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਬੈਠਕਦੌਰਾਨਹੋਏ, ਜਿਸ ਵਿਚ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘੁਬੀਰ ਸਿੰਘ, ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਅਤੇ ਅਕਾਲ ਤਖ਼ਤ ਸਾਹਿਬ ਦੇ ਦੋ ਪੰਜ ਪਿਆਰਿਆਂ ਨੂੰ ਸ਼ਾਮਲ ਕਰ ਕੇ ਪੰਜ ਸਿੰਘ ਸਾਹਿਬਾਨ ਲਈ ਕੋਰਮ ਪੂਰਾ ਕੀਤਾ ਗਿਆ ਸੀ। ਇਸ ਬੈਠਕ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੀ ਮੌਜੂਦ ਸਨ।

ਅੱਜ ਦੀ ਇਸ ਬੈਠਕ ਦੌਰਾਨ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਗੁਰੂ ਸਾਹਿਬਾਨ ਦੀਆਂ ਮੂਰਤੀਆਂ ਵੇਚਣ ਉੱਤੇ ਪੂਰਨ ਪਾਬੰਦੀ ਲਾਉਣ ਦੇ ਆਦੇਸ਼ ਦਿੱਤੇ ਹਨ। ਇਸ ਬਾਰੇ ਪ੍ਰੈੱਸ ਨੋਟ ਵਿੱਚ ਕਿਹਾ ਗਿਆ ਕਿ ਇਹ ਫੈਸਲਾ ਸੰਗਤਾਂ ਵੱਲੋਂ ਪੁੱਜੀਆਂ ਸ਼ਿਕਾਇਤਾਂ ਉੱਤੇ ਪੰਥਕ ਜਥੇਬੰਦੀਆਂ ਦੀ ਰਾਏ ਨਾਲ ਲਿਆ ਹੈ। ਇਹ ਵੀ ਫੈਸਲਾ ਲਿਆ ਹੈ ਕਿ ਗੁਰਦੁਆਰਾ ਸਾਹਿਬਾਨ ਵਿੱਚ ਇਲੈਕਟ੍ਰੋਨਿਕ ਚੰਦੋਆ ਸਾਹਿਬ ਲਾਉਣ ਦੀ ਪੂਰਨ ਤੌਰ ਪਾਬੰਦੀ ਲਾਈ ਜਾਂਦੀ ਹੈ।



ਬਰੈਂਪਟਨ ਈਸਟ ਤੋਂ ਮਨਜਿੰਦਰ ਸੰਧੂ ਦੀ ਜਿੱਤ ਦੇ ਜਸ਼ਨ ਮਨਾਉਂਦੇ ਹੋਏ ਕਰਮਜੀਤ ਸਹੋਤਾ, ਮੇਜਰ ਨੱਤ, ਨਰਿੰਦਰ ਸਿੱਧੂ ਤੇ ਹਰਪਾਲ ਸੰਧੂ।

# ਪੰਜਾਬ ਦੀਆਂ ਉੱਪ ਚੋਣਾਂ: ਜਲਾਲਾਬਾਦ ਵਿੱਚ ਸਭ ਤੋਂ ਵੱਧ ਅਤੇ ਫਗਵਾੜਾ ਵਿੱਚ ਸਭ ਤੋਂ ਘੱਟ ਵੋਟਾਂ ਪਈਆਂ

*** ਨਤੀਜਾ 24 ਅਕਤੂਬਰ ਨੂੰ ਕੱਢਿਆ ਜਾਵੇਗਾ**



ਚੰਡੀਗੜ੍ਹ, 21 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਵਿੱਚ ਚਾਰ ਸੀਟਾਂ ਜਲਾਲਾਬਾਦ, ਦਾਖਾ, ਫਗਵਾੜਾ ਅਤੇ ਮੁਕੇਰੀਆਂ ਲਈ ਹੋਈਆਂ ਉੱਪ ਚੋਣਾਂ ਵਾਸਤੇ ਵੋਟਿੰਗ ਦੀ ਪ੍ਰਕਿਰਿਆ ਅੱਜ ਸੋਮਵਾਰ ਸਵੇਰ 7 ਵਜੇਤੋਂ ਸ਼ਾਮ 6 ਵਜੇ ਤਕ ਚੱਲੀ ਅਤੇ ਇਸ ਮੌਕੇਜਲਾਲਾਬਾਦ ਵਿੱਚ ਸਭ ਤੋਂ ਵੱਧ ਤੇ ਫਗਵਾੜਾ ਵਿੱਚ ਸਭ ਤੋਂ ਘੱਟ ਵੋਟਾਂ ਪਈਆਂ ਹਨ। ਉਂਜ ਇਸ ਚੋਣ ਵਿੱਚ ਲਗਭਗ ਸੁੱਖ-ਸ਼ਾਂਤੀ ਰਹੀ ਅਤੇ ਕਿਸੇ ਥਾਂ ਕੋਈ ਵੱਡੀ ਮਾੜੀ ਘਟਨਾ ਨਹੀਂ ਹੋਈ। ਪਤਾ ਲੱਗਾ ਹੈ ਕਿ ਵਿਧਾਨ ਸਭਾ ਹਲਕਾ ਜਲਾਲਾਬਾਦ ਵਿੱਚ ਸਭ ਤੋਂ ਵੱਧ 78.76 ਫ਼ੀਸਦੀ ਪੋਲਿੰਗ ਹੋਈ, ਹਲਕਾ ਦਾਖਾ ਵਿੱਚ 71.64 ਅਤੇ ਮੁਕੇਰੀਆਂ ਵਿੱਚ 59 ਫ਼ੀਸਦੀ ਪੋਲਿੰਗ ਅਤੇ ਫਗਵਾੜਾ ਵਿੱਚ ਸਭ ਤੋਂ ਘੱਟ 55.97 ਫ਼ੀਸਦੀ ਵੋਟਾਂ ਪਈਆਂ ਹਨ।

ਵਿਧਾਨ ਸਭਾ ਹਲਕਾ ਜਲਾਲਾਬਾਦ ਵਿੱਚਉੱਪ ਚੋਣ ਬਾਰੇ ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਮਨਪ੍ਰੀਤ ਸਿੰਘ ਛੱਤਵਾਲ ਨੇ ਦੱਸਿਆ ਕਿ ਏਥੇ ਕੁੱਲ 7 ਉਮੀਦਵਾਰਾਂ ਦੀ ਕਿਸਮਤ ਦਾ ਫੈਸਲਾ ਹਲਕੇ ਦੇ 204329 ਵੋਟਰਾਂ ਵੱਲੋਂ ਕੀਤਾ ਜਾਣਾ ਸੀ।ਸਾਰਾ ਕੁਝ ਸ਼ਾਂਤੀ ਨਾਲ ਭੁਗਤ ਗਿਆ ਹੈ।

ਫਗਵਾੜਾ ਵਿੱਚਆਪਣੀ ਪਾਰਟੀ ਦੇ ਚੋਣ ਨਿਸ਼ਾਨ ਵਾਲਾ ਮਫਲਰ ਗਲ਼ ਵਿੱਚ ਲਪੇਟ ਕੇ ਵੋਟ ਪਾਉਣ ਪਹੁੰਚ ਗਏ ਕਾਂ-ਗਰਸ ਉਮੀਦਵਾਰ ਬਲਵਿੰਦਰ ਸਿੰਘ ਧਾਲੀਵਾਲ ਨੂੰ ਚੋਣ ਕਮਿਸ਼ਨ ਨੇ ਨੋਟਿਸ ਜਾਰੀ ਕੀਤਾ ਹੈ। ਐੱਸ ਡੀ ਐੱਮ ਲਤੀਫ਼ ਅਹਿਮਦ ਨੇ ਇਸ ਸਬੰਧ ਵਿੱਚ ਪੋਲਿੰਗ ਬੂਥ ਦਾ ਸਟਾਫ ਵੀ ਬਦਲ ਦਿੱਤਾ ਹੈ।

ਹਲਕਾ ਦਾਖਾਦੇ ਪਿੰਡ ਸਰਾਭਾ ਵਿੱਚ ਵੋਟ ਪਾਉਣ ਵਾਸਤੇ ਕਾਂਗਰਸੀ ਤੇ ਅਕਾਲੀ ਆਹਮੋ-ਸਾਹਮਣੇ ਹੋ ਗਏ, ਪਰ ਨੇੜੇ-ਤੇੜੇ ਦੇ ਲੋਕ ਦੋਵਾਂ ਧਿਰਾਂ ਦੇ ਵਿਚਕਾਰ ਆ ਗਏ ਤੇ ਵਿਵਾਦ ਖ਼ਤਮ ਕਰਵਾ ਦਿੱਤਾ ਗਿਆ। ਇਸ ਤੋਂ ਇਲਾਵਾ ਪਿੰਡ ਗੋਰਸੀਆ ਕਾਦਰ ਬਖ਼ਸ਼ ਵਿੱਚ ਬਿਨਾਂ ਮਨਜ਼ੂਰੀ ਕਾਂਗਰਸ ਆਗੂ ਮੇਜਰ ਸਿੰਘ ਭੈਣੀ ਦੇ ਜਾਣ ਦਾ ਲੋਕ ਇਨਸਾਫ ਪਾਰਟੀ ਦੇ ਵਰਕਰਾਂ ਨੇ ਇਤਰਾਜ਼ ਕੀਤਾ ਤੇ ਦੋਸ਼ ਲਾਇਆ ਕਿ ਉਹ ਬਿਨਾਂ ਮਨਜ਼ੂਰੀ ਬੂਥ ਵਿੱਚ ਜਾ ਕੇ ਚੋਣਾਂ ਦੇ ਸਟਾਫ਼ ਨਾਲ ਗੱਲ ਕਰ ਰਿਹਾ ਸੀ। ਇਸ ਬਾਰੇ ਦੋਵਾਂ ਧਿਰਾਂ ਦੇ ਵਰਕਰਾਂ ਵਿੱਚ ਬਹਿਸਬਾਜ਼ੀ ਵੀ ਹੋਈ।

ਅੱਜ ਇਸ ਹਲਕੇ ਵਿੱਚੋਂ ਫੇਸਬੁੱਕ ਪ੍ਰਚਾਰ ਕਰਨ ਕਰ ਕੇ ਦਾਖਾ ਹਲਕੇ ਤੋਂ ਅਕਾਲੀ ਦਲ ਦੇ ਉਮੀਦਵਾਰ ਮਨਪ੍ਰੀਤ ਸਿੰਘ ਇਆਲੀ ਨੂੰ ਚੋਣ ਅਧਿਕਾਰੀ ਨੇ ਨੋਟਿਸ ਜਾਰੀ ਕੀਤਾ ਹੈ, ਕਿਉਂਕਿ ਮਨਪ੍ਰੀਤ ਸਿੰਘ ਇਆਲੀ ਉੱਤੇ ਇਹ ਦੋਸ਼ ਹੈ ਕਿ ਉਸ ਨੇ ਸੋਮਵਾਰ ਸਵੇਰੇ 8 ਵਜੇ ਫੇਸਬੁੱਕ ਲਾਈਵ ਹੋ ਕੇ ਵੋਟਾਂ ਮੰਗੀਆਂ ਹਨ।

ਕੁੱਲ ਮਿਲਾ ਕੇ ਜਲਾਲਾਬਾਦ ਵਿੱਚ 75.46 ਫੀਸਦੀ ਵੋਟਿੰਗ ਹੋਈ ਹੈ, ਹਲਕਾ ਦਾਖਾ ਵਿੱਚ ਕੁੱਲ 71.64 ਫੀਸਦੀ ਹੋਈ, ਮੁਕੇਰੀਆਂ ਵਿੱਚ 58.62 ਫੀਸਦੀ ਅਤੇ ਫਗਵਾੜਾ ਵਿੱਚ 55.97 ਫੀਸਦੀ ਵੋਟਿੰਗ ਹੋ ਸਕੀ ਹੈ।

# ਅਕਾਲ ਤਖ਼ਤ ਵਿਖੇ ਪੇਸ਼ ਹੋਏ ਕਿਸੇ ਸਿੱਖ ਨੂੰ ਮੁਆਫੀ ਨਹੀਂ ਮਿਲੀ

ਅੰਮ੍ਰਿਤਸਰ, 21 ਅਕਤੂਬਰ, (ਪੋਸਟ ਬਿਊਰੋ)- ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਦੇ ਪ੍ਰਬੰਧਾਂ ਦਾ ਫੈਸਲਾ ਕਰਨ ਲਈ ਅੱਜਸ੍ਰੀ ਅਕਾਲ ਤਖ਼ਤ ਵਿਖੇ ਲੰਮੇ ਸਮੇਂ ਬਾਅਦ ਪੰਜ ਸਿੰਘ ਸਾਹਿਬਾਨਾਂ ਦੀ ਬੈਠਕ ਹੋਈ, ਜਿਸ ਵਿਚ ਪ੍ਰਕਾਸ਼ ਪੁਰਬ ਸ਼ਤਾਬਦੀ ਨੂੰ ਮੁੱਖ ਰੱਖਦਿਆਂਪੰਥ ਵਿਚੋਂ ਛੇਕੇ ਹੋਏ ਜਾਂ ਹੋਰ ਸਜ਼ਾਵਾਂ ਭੁਗਤ ਰਹੇ ਸਿੱਖਾਂ ਨੂੰ ਸ੍ਰੀ ਅਕਾਲ ਤਖ਼ਤ ਤੋਂਕਿਸੇ ਵੀ ਤਰ੍ਹਾਂ ਦੀ ਮੁਆਫ਼ੀ ਦੇਣ ਦੀ ਗੱਲ ਸਿਰੇ ਨਹੀਂ ਚੜ੍ਹ ਸਕੀ।

ਇਸ ਤਰ੍ਹਾਂ ਦੀ ਮੁਆਫ਼ੀ ਲਈ ਸੁੱਚਾ ਸਿੰਘ ਲੰਗਾਹ ਅਤੇ ਚਰਨਜੀਤ ਸਿੰਘ ਚੱਢਾ ਨੇ ਦਰਖ਼ਾਸਤਾਂ ਵੀ ਦਿੱਤੀਆਂ ਹੋਈਆਂ ਸਨ।

ਵਰਨਣ ਯੋਗ ਹੈ ਕਿ ਅਕਾਲੀ ਲੀਡਰ ਸੁੱਚਾ ਸਿੰਘ ਲੰਗਾਹ ਦਾ ਲਗਾਤਾਰ ਵਿਰੋਧ ਹੁੰਦਾ ਦੇਖ ਕੇ ਉਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਾ ਸੱਦਿਆ ਗਿਆ ਅਤੇ ਨਾ ਉਹ ਆਪ ਪੇਸ਼ ਹੋਇਆ ਹੈ। ਚੀਫ ਖਾਲਸਾ ਦੀਵਾਨ ਦਾ ਸਾਬਕਾ ਪ੍ਰਧਾਨ ਚਰਨਜੀਤ ਸਿੰਘ ਚੱਢਾ, ਜਿਸ ਉੱਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਦੋ ਸਾਲ ਦੀਆਂ ਕੁਝ ਪਾਬੰਦੀਆਂ ਲਾਈਆਂ ਸਨ, ਨੇ ਵੀ ਨਿਮਾਣੇ ਸਿੱਖ ਵਜੋਂ ਦਰਖ਼ਾਸਤ ਦਿੱਤੀ ਸੀ ਅਤੇ ਉਹ ਖ਼ੁਦ ਵੀ ਅੱਜ ਜਥੇਦਾਰਾਂ ਅੱਗੇ ਪੇਸ਼ ਹੋਇਆ ਦੱਸਿਆ ਜਾਂਦਾ ਹੈ। ਪਤਾ ਲੱਗਾ ਹੈ ਕਿ ਚੱਢਾ ਅਤੇ ਉਸ ਦੀ ਪਤਨੀ ਨੇ ਸਿੰਘ ਸਾਹਿਬਾਨ ਅੱਗੇ ਪੇਸ਼ ਹੋ ਕੇ ਗੁਹਾਰ ਲਾਈ ਕਿ ਉਸ ਨੂੰ ਸਿਆਸਤ ਹੇਠ ਫਸਾਇਆ ਗਿਆ ਹੈ। ਸਿੰਘ ਸਾਹਿਬਾਨ ਨੇ ਕਿਹਾ ਕਿ ਅਦਾਲਤ ਵਿਚ ਕੇਸ ਹੋਣ ਕਾਰਨ ਇਸ ਬਾਰੇ ਮੁਆਫ਼ੀ ਨਹੀਂ ਦਿੱਤੀ ਜਾ ਸਕਦੀ ਅਤੇ ਇਹ ਮਾਮਲਾ ਵੀ ਪੈਂਡਿੰਗ ਰਹਿ ਗਿਆ ਹੈ।

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ
Best rates & Best Coverage
RAJESH SOOD (RAJ)
CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
- Custom Kitchen Cabinets
- Completly Furnished
- Legal Basement
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

HELPING YOUR PLAN TODAY......FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
JATINDERBIR S BAJWA
Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Paramjit Deol CELL: 416-993-7378
Broker 7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

MISSISSAUGA $975 — Tranmere Dr E.: Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.

WOODSTOCK $2,000 — Photo Not Available — 27 Dundas St. : Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

SOUTH DUNDAS $3,000 — 23 Plaza Dr: Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

MISSISSAUGA $59,000 — 1224 Dundas St W: Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...

CHATHAM-KENT $65,000 — Chittim/Blenheim: Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

TORONTO $79,000 — Photo Not Available — 1308 St Clair Ave W : Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

HAMILTON $99,000 — Photo Not Available — 77 James St N.: Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

MISSISSAUGA $149,000 — 17 Tannery St : Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

MISSISSAUGA $169,900 — 7215 Goreway Dr.: Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

BRAMPTON $199,000 — Photo Not Available — 10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

BRAMPTON $259,000 — Photo Not Available — 470 cHrYSLER dr: Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

BRAMPTON $299,000 — 23 Plaza Dr.: Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

MISSISSAUGA $499,000 — 5100 Erin Mills Pkwy 2E220: Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

BRANTFORD $499,000 — 693 Colborne St W.: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

MISSISSAUGA $615,000 — 7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

BRAMPTON $655,000 — 32 Tollgate St: Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019

## ਸ਼ੋਕ ਸਮਾਚਾਰ

# ਸਕਾਰਬਰੋ ਤੋਂ ਕੁੰਦਨ ਸਿੰਘ ਦੀ ਅਚਨਚੇਤ ਮੌਤ ਨਾਲ ਸੋਗ ਦੀ ਲਹਿਰ



ਸਕਾਰਬਰੋ ਨਿਵਾਸੀ ਕੁੰਦਨ ਸਿੰਘ ਬੜੇ ਲੰਬੇ ਸਮੇਂ ਤੋਂ ਬਿਮਾਰੀ ਨਾਲ ਜੂਝਦਿਆਂ ਬੀਤੇ ਐਤਵਾਰ ਪੈਸਟਰਨ ਹਸਪਤਾਲ ਵਿਖੇ ਦਮ ਤੋੜ ਗਏ ਹਨ। ਕੁੰਦਨ ਸਿੰਘ 1972 ਤੋਂ ਨਵਾਂ ਗਰਾਓਂ ਪਿੰਡ ਤੋਂ ਚੱਲ ਕੇ ਕੈਨੇਡਾ ਆਣ ਵਸੇ ਸਨ। ਬੜੇ ਲੰਬੇ ਸਮੇਂ ਤੋਂ ਸਕਾਰਬਰੋ ਨੂੰ ਉਨ੍ਹਾਂ ਨੇ ਆਪਣਾ ਘਰ ਬਣਾਇਆ। ਇਥੇ ਹੀ ਰਹਿੰਦਿਆਂ ਉਨ੍ਹਾਂ ਨੇ ਸਕਾਰਬਰੋ ਗੁਰਦੁਆਰਾ ਸਾਹਿਬ, ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ ਤੇ ਸਕਾਰਬਰੋ ਦੇ ਇਲਾਕੇ 'ਚ ਪੰਜਾਬੀ ਭਾਈਚਾਰੇ ਵਲੋਂ ਆਯੋਜਿਤ ਵੱਖ-ਵੱਖ ਖੇਡ ਮੇਲਿਆਂ ਤੇ ਹੋਰ ਗਤੀਵਿਧੀਆਂ 'ਚ ਆਪਣਾ ਪੂਰਾ ਯੋਗਦਾਨ ਪਾਇਆ। ਕੁੰਦਨ ਸਿੰਘ ਦੇ ਅੰਤਿਮ ਸਸਕਾਰ ਦਿਨ ਵੀਰਵਾਰ 24 ਅਕਤੂਬਰ ਨੂੰ 11 ਵਜੇ ਤੋਂ ਲੈ ਕੇ 1 ਵਜੇ ਤੱਕ ਬਰੈਂਪਟਨ ਕ੍ਰੈਮੀਟੋਰੀਅਮ ਤੇ ਵਿਜੀਟੇਸ਼ਨ ਸੈਂਟਰ ਵਿਖੇ ਹੋਣਗੇ। ਇਸ ਤੋਂ ਬਾਅਦ ਸਕਾਰਬਰੋ ਗੁਰਦੁਆਰਾ ਸਾਹਿਬ ਵਿਖੇ ਜਿਥੇ ਉਨ੍ਹਾਂ ਨਮਿਤ ਰੱਖੇ ਪਾਠ ਦੇ ਭੋਗ ਪਾਏ ਜਾਣਗੇ, ਉਥੇ ਹੀ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਅੰਤਿਮ ਅਰਦਾਸ ਵੀ ਸਕਾਰਬਰੋ ਗੁਰਦੁਆਰਾ ਸਾਹਿਬ ਵਿਖੇ ਹੀ ਹੋਵੇਗੀ। ਜਿਸ ਦਾ ਸਮਾਂ 3 ਵਜੇ ਤੋਂ ਲੈਕੇ 4 ਵਜੇ ਤੱਕ ਹੋਵੇਗਾ। ਪਰਿਵਾਰ ਨਾਲ ਦੁੱਖ 'ਚ ਸ਼ਰੀਕ ਹੋਣ ਲਈ ਹਰਦੇਵ ਸਿੰਘ ਸਮਰਾ ਨਾਲ 416-873-4507 ਨੰਬਰ 'ਤੇ ਸੰਪਰਕ ਕੀਤਾ ਜਾ ਸਕਦਾ ਹੈ ਜਾਂ ਕੁੰਦਨ ਸਿੰਘ ਦੇ ਨਿੱਜੀ ਨੰਬਰ 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ, ਜੋ ਇਸ ਸਮੇਂ ਪਰਿਵਾਰ ਕੋਲ ਹੈ।

# ਗੁਰੂ ਰਾਮਦਾਸ ਜੀ ਦਾ 485ਵਾਂ ਪ੍ਰਕਾਸ਼ ਦਿਹਾੜ੍ਹਾ ਮਨਾਇਆ

ਰੋਮ (ਇਟਲੀ) (ਪਰਮਜੀਤ ਸਿੰਘ ਦੁਸਾਂਝ): ਧੰਨ ਧੰਨ ਸ਼੍ਰੀ ਗੁਰੂ ਰਵਿਦਾਸ ਧਾਮ ਗੁਰਦੁਆਰਾ ਸਾਹਿਬ ਗੁਰਲਾਗੋ ਬੈਰਗਾਮੋ ਇਟਲੀ ਵਿਚ ਮਨਾਇਆ ਗਿਆ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਧੰਨ ਧੰਨ ਸ਼੍ਰੀ ਗੁਰੂ ਰਾਮਦਾਸ ਮਹਾਰਾਜ ਜੀ ਦਾ ਪ੍ਰਕਾਸ਼ ਦਿਹਾੜ੍ਹਾ । ਜਿਸ ਵਿਚ ਉੱਤਰੀ ਇਟਲੀ ਦੀਆਂ ਰਵਿਦਾਸ ਨਾਮਲੇਵਾ ਸਿੱਖ ਸੰਗਤਾਂ ਵੱਲੋਂ ਬੜ੍ਹੀ ਹੀ ਧੂੰਮ-ਧਾਮ ਨਾਲ ਉਹਨਾਂ ਦਾ 485ਵਾਂ ਪ੍ਰਕਾਂਸ਼ ਦਿਹਾੜ੍ਹਾ ਮਨਾਇਆ ਗਿਆ । ਇਸ ਸਮੇਂ ਯੂਰਪ ਦੇ ਪ੍ਰਸਿੱਧ ਕੀਰਤਨੀਏ ਜਥੇ ਭਾਈ ਜਸਪਾਲ ਸਿੰਘ ਬੈਰਗਾਮੋ ਦੇ ਕੀਰਤਨੀਏ ਜਥੇ ਨੇ ਧੰਨ-ਧੰਨ ਸ਼੍ਰੀ ਗੁਰੂ ਰਾਮਦਾਸ ਮਹਾਰਾਜ ਜੀ ਦੇ ਜੀਵਨ ਪੰਧ ਤੇ ਆਈਆਂ ਹੋਈਆਂ ਸੰਗਤਾਂ ਨੂੰ ਚਾਨਣਾ ਪਾਉਂਦਿਆ ਹੋਇਆ ਦੱਸਿਆ ਕਿ ਉਹਨਾਂ ਦਾ ਜਨਮ 24 ਸਤੰਬਰ 1534 ਨੂੰ ਚੂਨਾ ਮੰਡੀ ਲਾਹੌਰ ਵਿਚ ਹੋਇਆ । ਜਿੱਥੋਂ ਉਹਨਾਂ ਦੇ ਪਰਿਵਾਰ ਨੇ ਪ੍ਰਵਾਸ ਕਰਕੇ ਗੋਬਿੰਦਵਾਲ ਸਾਹਿਬ ਵਿਚ ਆ ਡੇਰੇ ਲਾਏ ਜਿੱਥੇ ਉਹਨਾਂ ਨੇ ਸ਼੍ਰੀ ਗੁਰੂ ਅਮਰਦਾਸ ਜੀ ਨਾਲ ਗੁਰਧਾਰਨ ਕਰਕੇ ਉਹਨਾਂ ਦੇ ਘਰ ਹੀ ਜਵਾਈਪੱਦ ਧਾਰਨ ਕਰਕੇ ਫਿਰ ਸ਼੍ਰੀ ਅ੍ਰਮਿਤਸਰ ਸਾਹਿਬ ਸ਼ਹਿਰ ਨੂੰ ਵਸਾਇਆ । ਭਾਈ ਜਸਪਾਲ ਸਿੰਘ ਬੈਰਗਾਮੋ ਦੇ ਰਾਗੀ ਕੀਰਤਨੀਏ ਜਥੇ ਨੇ ਉਹਨਾਂ ਦੇ ਧੰਨ-ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਅਨੇਕਾਂ ਸਬਦਾਂ ਦਾ ਅਨੰਦ-ਭਿੰਨਾਂ ਕੀਰਤਨ ਕਰਕੇ ਆਈਆਂ ਹੋਈਆਂ ਸੰਗਤਾਂ ਨੂੰ ਨਿਹਾਲ ਕਰਕੇ ਉਹਨਾਂ ਦਾ ਜੀਵਨ ਸਫ਼ਲਾ ਕੀਤਾ ।ਕੀਰਤਨ ਉਪਰੰਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਖਾਏ ਗਏ ਅਖੰਡ ਪਾਠ ਸਾਹਿਬ ਜੀ ਦੇ ਪਾਠੀ ਸਿੰਘਾਂ ਵੱਲੋਂ ਭੋਗ ਪਾਏ ਗਏ । ਉਪਰੰਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਹੁਕਮਨਾਮੇ ਲਏ ਗਏ । ਅਤੇ ਸੰਗਤਾਂ ਨੂੰ ਸਰਵਣ ਕਰਵਾਏ ਗਏ । ਇਸ ਸਮੇਂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਯੂ.ਕੇ ਕਮੇਟੀ ਦੇ ਪ੍ਰਧਾਨ ਅਤੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਗੁਰਦੁਆਰਾ ਪ੍ਰਬੰਧਕ ਕਮੇਟੀ ਬੈਲਜੀਅਮ ਦੇ ਪ੍ਰਧਾਨ ਸਮੇਤ ਪੂਰੇ ਸੂਰਪ ਵਿਚੋਂ ਸੰਗਤਾਂ ਆਇਆਂ ਹੋਈਆਂ ਸਨ । ਜਿਵੇਂ ਹਰਮੇਸ਼ ਲਾਲ , ਜੀਵਨ ਕੁਮਾਰ ਅਤੇ ਬਾਘਾ ਆਦਿ । ਜਿਹਨਾਂ ਨੇ ਆਈਆਂ ਹੋਇਆਂ ਸੰਗਤਾਂ ਨੂੰ ਧੰਨ ਧੰਨ ਸ੍ਰੀ ਗਰੂ ਰਾਮਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜ੍ਹੇ ਦੀਆਂ ਵਧਾਈਆਂ ਦਿੱਤੀਆਂ । ਇਸ ਸਮੇਂ ਸ਼੍ਰੀ ਗੁਰੂ ਰਵਿਦਾਸ ਮਹਰਾਜ ਜੀ ਦੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਗੁਰਲਾਗੋ ਬੈਰਗਾਮੋ ਦੇ ਪ੍ਰਧਾਨ ਸ਼੍ਰੀ ਵਿਨੋਦ ਕੁਮਾਰ ਕੈਲੇ , ਸ੍ਰ: ਬਲਜੀਤ ਸਿੰਘ ਬੰਗੜ੍ਹ (ਚੇਅਰਮੈਨ ), ਸ਼੍ਰੀ ਮਦਨ ਲਾਲ ਬੰਗੜ੍ਹ (ਸੀਨੀਅਰ ਮੀਤ ਪ੍ਰਧਾਨ ), ਗੁਰਬਖ਼ਸ ਲਾਲ ਜੱਸਲ ਅਤੇ ਲਾਲ ਚੰਦ ਲਾਲੀ (ਖ਼ਚਾਨਚੀ ), ਹਰੀਸ਼ ਕੁਮਾਰ ਨੀਟਾ ਅਤੇ ਬੱਬੀ (ਸਟੇਜ ਸੈਕਟਰੀ ), ਕੁਲਵੰਤ ਰਾਮ , ਗੁਰਨਾਮ ਗਿੰਡਾ ਆਦਿ ਪੰਤਵੰਤੇ ਸੱਜਣ ਵੀ ਹਾਜ਼ਰ ਸਨ । ਇਸ ਸਮੇਂ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ । ਇਸ ਸਮੇਂ ਸ਼੍ਰੀ ਗੁਰਬਖ਼ਸ਼ ਲਾਲ ਜੱਸਲ ਜੀ ਨੇ ਧਾਰਮਿਕ ਲਿਟਚਰ ਦਾ ਇੱਕ ਸਟਾਲ ਲਗਾਇਆ ਹੋਇਆ ਸੀ ਜਿਸ ਵਿਚ ਧਾਰਮਿਕ ਲਿਟਰਚ ਮੁੱਫ਼ਤ ਵੰਡਿਆ ਜਾ ਰਿਹਾ ਸੀ ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੈਮੀਨਾਰ ਕਰਵਾਇਆ



ਸੁਲਤਾਨ ਲੋਧੀ, 20 ਅਕਤੂਬਰ (ਗਿਆਨ ਸਿੰਘ): ਮਹਾਂਪੁਰਖਾਂ ਦੇ ਕੁਦਰਤੀ ਤੇ ਵਿ-ਗਆਨਕ ਫਲਸਫੇ ਦੇ ਪ੍ਰਚਾਰ ਤੇ ਪ੍ਰਸਾਰ ਦੇ ਉਦੇਸ਼ ਨਾਲ ਕੁਦਰਤਵਾਦੀ ਸਾਂਝਾ ਮੰਚ ਪੰਜਾਬ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ "ਬਾਬੇ ਨਾਨਕ ਦਾ ਫਲਸਫਾ" ਅਤੇ "ਅਜੋਕੇ ਭਾਰਤ ਦੀਆਂ ਸਮੱਸਿਆਵਾਂ ਦਾ ਹੱਲ" ਤੇ ਸੈਮੀਨਾਰ ਕਰਵਾਇਆ ਗਿਆ . ਗੁਰੂ ਨਾਨਕ ਖ਼ਾਲਸਾ ਕਾਲਜ ਸੁਲਤਾਨਪੁਰ ਲੋਧੀ ਵਿਖੇ ਕਰਵਾਏ ਗਏ ਇਸ ਸਮਾਗਮ ਵਿੱਚ ਪੰਜਾਬੀ ਟ੍ਰਿਬਿਊਨ ਦੇ ਸੀਨੀਅਰ ਪੱਤਰਕਾਰ ਸ: ਹਮੀਰ ਸਿੰਘ ਅਤੇ ਪ੍ਰੋਫੈਸਰ ਮਨਜੀਤ ਸਿੰਘ ਚੰਡੀਗੜ੍ਹ ਮੁੱਖ ਬੁਲਾਰੇ ਤੋਂ ਇਲਾਵਾ ਉਪਰੋਕਤ ਵਿਸ਼ੇ ਤੇ ਚਿੰਤਨ ਕਰਨ ਵਾਸਤੇ ਬੁੱਧੀਜੀਵੀ, ਪ੍ਰੋਫੈਸਰ, ਡਾਕਟਰ, ਵਕੀਲ ਅਤੇ ਸੰਸਥਾਵਾਂ ਦੇ ਆਗੂ ਵੀ ਸ਼ਾਮਲ ਹੋਏ .ਇਸ ਮੌਕੇ ਤੇ ਬੁਲਾਰਿਆਂ ਨੇ ਦੱਸਿਆ ਕਿ ਜਿਸ ਮਾਹੌਲ ਵਿੱਚ ਅਸੀਂ ਵਿਚਰ ਰਹੇ ਹਾਂ ਕਦੇ ਸੋਚਿਆ ਵੀ ਨਹੀਂ ਸੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਵਨ, ਪਾਣੀ ਅਤੇ ਧਰਤੀ ਦੇ ਬਾਰੇ ਵਿੱਚ ਦਿੱਤੇ ਵਿਚਾਰਾਂ ਦੇ ਉਲਟ ਅਸੀਂ ਇਨ੍ਹਾਂ ਨੂੰ ਜ਼ਹਿਰੀਲਾ ਕਰਕੇ ਰੱਖ ਦਿੱਤਾ ਹੈ,ਖੇਤੀ ਪ੍ਰਧਾਨ ਸੂਬੇ ਵਿੱਚ ਖੇਤੀਬਾੜੀ ਬਾਰੇ ਹੀ ਕੋਈ ਪਾਲਸੀ ਨਹੀਂ,ਆਰਥਿਕ ਤੇ ਸਮਾਜਿਕ ਪਾੜਾ ਵਧ ਰਿਹਾ ਹੈ .ਬੁਲਾਰਿਆਂ ਨੇ ਦੱਸਿਆ ਕਿ ਬਾਬੇ ਨਾਨਕ ਵੇਲੇ ਵੀ ਰਾਜਨੀਤਕ ਸਮਾਜਿਕ ਤੇ ਧਾਰਮਿਕ ਚੁਣੌਤੀਆਂ ਸਨ ਜਿਨ੍ਹਾਂ ਨੂੰ ਉਨ੍ਹਾਂ ਨੇ ਖਤਮ ਕਰਨ ਲਈ ਪਹੁੰਚ ਕੀਤੀ . ਬੁਲਾਰਿਆਂ ਨੇ ਦੱਸਿਆ ਕਿ ਜਿਸ ਤਰ੍ਹਾਂ ਦਾ ਸਮਾਜ ਸਿਰਜਿਆ ਜਾ ਰਿਹਾ ਹੈ ਉਹ ਸਾਡੇ ਹਾਣ ਦਾ ਨਹੀਂ ਰਿਹਾ ਜਿਸ ਨੂੰ ਗੁਰੂ ਨਾਨਕ ਦੇਵ ਜੀ ਦੇ ਫਲਸਫੇ ਨਾਲ ਜੋੜਨ ਦੀ ਜ਼ਰੂਰਤ ਹੈ . ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਡਾ ਅਜੀਤ ਸਿੰਘ, ਕੁਲਵੰਤ ਸਿੰਘ ਅਣਖੀ, ਅਮਰਜੀਤ ਸਿੰਘ ਜੰਜੂਆ, ਗੁਰਮੀਤ ਕੌਰ ਬਰਨਾਲਾ, ਸੁਰਜੀਤ ਸਿੰਘ ਬਰਾੜ, ਅਮਰਜੀਤ ਸਿੰਘ ਰਾਏ ਕੋਟ ਆਦਿ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ .

ਮਾਨਵਵਾਦੀ ਸਾਂਝਾ ਮੰਚ ਦੇ ਸਕੱਤਰ ਗੁਰਦੀਪ ਸਿੰਘ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ . ਮੰਚ ਦਾ ਸਟੇਜ ਸੰਚਾਲਨ ਕਰਦਿਆਂ, ਜਨਰਲ ਸੱਕਤਰ, ਵਿਜੈ ਕੁਮਾਰ ਨੰਗਲ ਨੇ ਕਿਹਾ ਕਿ ਪਿੱਛਲੀਆ 5 ਸਦੀਆਂ ਤੋਂ ਗੁਰੂ ਨਾਨਕ ਦੇਵ ਜੀ ਦੇ ਵਿਗਿਆਨਕ, ਅਰਥਿਕ, ਸਮਾਜਿਕ ਤੇ ਰਾਜਨੀਤਿਕ ਫਲਸਫੇ ਨੂੰ ਨਜ਼ਰਅੰਦਾਜ਼ ਕਰਕੇ ਸਿਰਫ ਅਧਿਆਤਮਿਕ ਫਲਸਫੇ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ । ਮੰਚ ਦਾ ਦ੍ਰਿੜ੍ਹ ਵਿਚਾਰ ਹੈ ਫਲਸਫੇ ਦੇ ਇਨ੍ਹਾਂ ਪੱਖਾਂ ਦਾ ਅਧਿਆਇਨ ਤੇ ਇਸ ਤੇ ਅਮਲ ਕਰਕੇ ਹੀ ਭਾਰਤ ਦੀਆਂ ਮਜੂਦਾ ਸਮਸਿਆਵਾਂ ਦਾ ਹੱਲ ਸੰਭਵ ਹੈ । ਇਸ ਸੈਮੀਨਾਰ ਵਿੱਚ ਗਿਆਨ ਸਿੰਘ , ਡੀ ਪੀ ਆਰ ਓ (ਰਿਟਾ) ਮੋਗਾ, ਹਰਬੰਸ ਸਿੰਘ ਅਣਖੀ, ਦਲਬੀਰ ਸਿੰਘ ਖੰਨਾਂ , ਅਮਰਜੀਤ ਸਿੰਘ ਜੰਜੂਆ, ਬਲਵੰਤ ਸਿੰਘ ਫਿਰੋਜ਼ਪੁਰ, ਜਗਦੀਸ਼ ਲਾਲ ਰੋਪੜ, ਹਰਬੰਸ ਸਿੰਘ ਗਿੱਲ, ਗੁਰਮੇਲ ਸਿੰਘ ਬਾੜਾ , ਰੋਪੜ ਸਵਰਨ ਸਿੰਘ, ਪ੍ਰਧਾਨ ਸਾਹਿਤ ਸਭਾ, ਸੁਲਤਾਨ ਪੁਰ ਲੋਧੀ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ ।

# ਮਲੌਦ ਇਲਾਕਾ ਨਿਵਾਸੀਆਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ 24 ਤੋਂ

ਬਰੈਂਪਟਨ : (ਸੁਰਜੀਤ ਸਿੰਘ ਫਲੋਰਾ) ਗੁਰਦਰਸ਼ਨ ਸਿੰਘ ਸੋਮਲ ਵੱਲੋਂ ਸੂਚਨਾਂ ਦਿੱਤੀ ਗਈ ਹੈ ਕਿ ਮਲੌਦ ਇਲਾਕੇ ਦੀਆਂ ਸੰਗਤ ਵਲੋਂ ਸਾਰਿਆਂ ਦੇ ਸਹਿਯੋਗ ਨਾਲ ਜਗਤ ਦੀ ਚੜ੍ਹਦੀ ਕਲਾਂ ਅਤੇ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ 550 ਸਾਲਾਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਆਖੰਡ ਪਾਠ ਰਖਾਏ ਜਾ ਰਹੇ ਹਨ।

ਇਹ 24 ਅਕਤੂਬਰ ਵੀਰਵਾਰ ਨੂੰ ਸਵੇਰੇ 10 ਵਜੇ ਸ੍ਰੀ ਗੁਰੂ ਨਾਨਕ ਸਿੱਖ ਸੈਂਟਰ 99 ਗਲਿਡਨ ਰੋਡ ਵਿਖੇ ਆਰੰਭ ਹੋਣਗੇ ਅਤੇ 26 ਅਕਤੂਬਰ ਸ਼ਨਿਚਰਵਾਰ ਨੂੰ ਸਵੇਰੇ 10 ਵਜੇ ਪਾਠਾਂ ਦੇ ਭੋਗ ਪੈਣਗੇ। ਭੋਗ ਉਪਰੰਤ ਕਥਾਂ, ਕੀਤਰਨ ਅਤੇ ਅਰਦਾਸ 10 ਤੋਂ 12 ਵਜੇ ਤੱਕ ਹੋਵੇਗਾ। ਉਪਰੰਤ ਗੁਰੂ ਕਾ ਲੰਗਰ ਅਤੁਟ ਵਰਤਾਇਆ ਜਾਵੇਗਾ।

ਸੋਮਲ ਅਤੇ ਮਲੌਦ ਨਿਵਾਸੀਆਂ ਵਲੋਂ ਸਭ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਹਨਾਂ ਦਿਨਾਂ ਵਿਚ ਗੁਰੂਘਰ ਪਹੁੰਚ ਕੇ ਧੁਰ ਕੀ ਬਾਣੀ ਆਈ। ਤਿਨਿ ਸਗਲੀ ਚਿੰਤ ਮਿਟਾਈ। ਇਲਾਹੀ ਬਾਣੀ ਦੇ ਕਥਾ ਅਤੇ ਕੀਰਤਨ ਦਾ ਇਲਾਹਾ ਲੈਂਦੇ ਹੋਏ ਅਤੇ 550 ਵੇ ਗੁਰੂ ਸਾਹਿਬ ਦੇ ਗੁਰਪੁਰਬ ਨੂੰ ਮਿਲ ਕੇ ਉਹਨਾਂ ਦੇ ਚਰਨਾਂ ਵਿਚ ਸਰਬੱਤ ਦੇ ਭਲੇ ਲਈ ਅਰਦਾਸ , ਜੋਦੜੀ , ਬੇਨਤੀ ਇਕ ਦਿਲੋਂ ਅਰਜ਼ੋਈ ਕਰੀਏ।

ਇਸ ਪ੍ਰੋਗਰਾਮ ਨੂੰ ਤੇ ਸਰਬੱਤ ਦੇ ਭਲੇ ਅਤੇ ਚੜ੍ਹਦੀ ਕਲਾਂ ਲਈ ਸ੍ਰੀ ਆਖੰਡ ਪਾਠਾਂ ਦੀ ਸੇਵਾ ਲਈ ਗੁਰੂ ਪਿਆਰੇ ਬਲਦੇਵ ਸਿੰਘ ਸਰਪੰਚ ਸੇਖਾ, ਸੈਕਟਰੀ ਮਲਵਿੰਦਰ ਸਿੰਘ ਸੇਖਾ, ਸਿਕੰਦਰ ਸਿੰਘ ਚੋਮੋ, ਪ੍ਰਿਥੀ ਸਿੰਘ ਚੋਮੋ, ਤੇਜਿੰਦਰ ਸਿੰਘ ਮਦਨੀਪੁਰ, ਚੇਅਰਮੈਨ, ਬਲਵਿੰਦਰ ਸਿੰਘ, ਸੋਨੀ ਗਰੇਵਾਲ ਇੰਜਨੀਅਰ, ਨੰਬਰਦਾਰ ਪ੍ਰਿਤੀਪਾਲ ਸਿੰਘ, ਮਲੌਦ, ਸ਼ਰਨਦੀਪ ਸਿੰਘ, ਬੇਰ, ਫਰਜਿੰਦਰ ਸਿੰਘ ਨਵਾਂ ਪਿੰਡ, ਬੇਅੰਤ ਸਿੰਘ ਚੋਮੋ, ਇੰਦਰਜੀਤ ਸਿੰਘ ਚੋਮੋ, ਕਰਮਜੀਤ ਸਿੰਘ ਗੋਸਲ, ਸਰਪੰਚ ਬਲਵਿੰਦਰ ਸਿੰਘ ਮਦਨੀਪੁਰ, ਡੀ,ਪੀ ਸਿੰਘ ਸ਼ੇਰਗਿੱਲ ਅਤੇ ਸਮੂੰਹ ਇਲਾਕਾ ਨਿਵਾਸੀਆਂ ਪੂਰਣ ਸਹਿਯੋਗ ਪ੍ਰਾਪਤ ਹੋ ਰਿਹਾ ਹੈ।

ਸੋਮਲ ਅਤੇ ਸਮੂੰਹ ਸਹਿਯੋਗੀਆਂ ਵੱਲੋਂ ਮਲੌਦ ਅਤੇ ਆਸ ਪਾਸ ਦੀ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਉਪਰੋਕਤ ਪ੍ਰੋਗਰਾਮ ਵਿਚ ਵੱਧ ਚੜ੍ਹ ਕੇ ਪਹੁੰਚੋ ਅਤੇ ਧੁਰ ਕੀ ਬਾਣੀ ਦਾ ਲਾਹਾ ਲਉ। ਵਧੇਰੇ ਜਾਣਕਾਰੀ ਲਈ ਤੁਸੀਂ 647-859-2324 ਜਾਂ 437-984-1152 ਤੇ ਸੰਪਰਕ ਕਰ ਸਕਦੇ ਹੋ।

# ਇੰਸ਼ੋਰੈਂਸ ਪਾਲਿਸੀ ਦਾ ਝਾਂਸਾ ਦੇ ਕੇ ਠੱਗਣ ਵਾਲੇ ਚਾਰ ਜਣੇ ਦਿੱਲੀ ਤੋਂ ਗ੍ਰਿਫਤਾਰ

ਲੁਧਿਆਣਾ, 21 ਅਕਤੂਬਰ (ਪੋਸਟ ਬਿਊਰੋ)- ਇਸ ਮਹਾਨਗਰ ਦੇ ਇੱਕ ਰਿਟਾਇਰਡ ਸਰਕਾਰੀ ਅਧਿਆਪਕ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਤੋਂ ਇੰਸ਼ੋਰੈਂਸ਼ ਪਾਲਿਸੀ ਦੇ ਨਾਂਅ ਉੱਤੇ 3.43 ਕਰੋੜ ਰੁਪਏ ਦੀ ਠੱਗੀ ਕਰਨ ਵਾਲੇ ਚਾਰ ਨੌਸਰਬਾਜ਼ਾਂ ਨੂੰ ਪੁਲਸ ਨੇ ਨਵੀਂ ਦਿਲੀ ਦੇ ਮੋਤੀ ਨਗਰ ਦੇ ਰਾਜਿੰਦਰ ਪੈਲੇਸ ਦੇ ਕਾਲ ਸੈਂਟਰ ਤੋਂ ਫੜਿਆ ਹੈ, ਪਰ ਸੈਂਟਰ ਚਲਾਉਣ ਵਾਲਾ ਮੁੱਖ ਦੋਸ਼ੀ ਫਰਾਰ ਹੋ ਗਿਆ। ਦੋਸ਼ੀ ਪਾਲਿਸੀ ਵਾਲਿਸੀ ਨਾਂਅ 'ਤੇ ਕੰਪਨੀ ਚਲਾਉਂਦੇ ਸਨ, ਜਿਸ ਵਿੱਚ ਇੱਕ ਲੜਕੀ ਤੇ ਦੋ ਸਕੇ ਭਰਾ ਵੀ ਸ਼ਾਮਲ ਹਨ। ਦਿੱਲੀ ਵਿੱਚ ਕਾਲ ਸੈਂਟਰ ਚਲਾ ਕੇ ਲੋਕਾਂ ਨਾਲ ਕਰੀਬ ਸੌ ਕਰੋੜ ਦੀ ਠੱਗੀ ਕਰ ਚੁੱਕੇ ਹਨ। ਇਨ੍ਹਾਂ ਦੇ ਕੋਲੋਂ ਬਾਰ੍ਹਾਂ ਮੋਬਾਈਲ ਫੋਨ ਵੀ ਬਰਾਮਦ ਹੋਏ ਹਨ।



ਕਮਿਸ਼ਨਰ ਪੁਲਸ ਰਾਕੇਸ਼ ਅਗਰਵਾਲ ਨੇ ਦੱਸਿਆ ਕਿ ਰਾਜਗੁਰੂ ਨਗਰ ਦੇ ਜਗਦੇਵ ਸਿੰਘ ਨੇ ਸ਼ਿਕਾਇਤ ਦਿੱਤੀ ਸੀ ਕਿ ਉਹ ਪਟਿਆਲਾ ਵਿੱਚ ਸਰਕਾਰੀ ਟੀਚਰ ਸਨ ਅਤੇ ਰਿਟਾਇਰਮੈਂਟ ਪਿੱਛੋਂ ਇਥੇ ਰਹਿਣ ਲੱਗੇ। ਉਨ੍ਹਾਂ ਨੇ ਐਕਸਿਸ ਬੈਂਕ ਤੋਂ ਪਾਲਿਸੀ ਕਰਵਾਈ ਸੀ। 2015 ਵਿੱਚ ਫੋਨ ਆਇਆ ਕਿ ਉਨ੍ਹਾਂ ਦਾ ਬੋਨਸ ਰੁਕਿਆ ਹੋਇਆ ਹੈ। ਜੇ ਉਹ ਇੱਕ ਹੋਰ ਪਾਲਿਸੀ ਕਰਵਾਉਣ ਤਾਂ ਉਨ੍ਹਾਂ ਨੂੰ ਬੋਨਸ ਮਿਲ ਜਾਏਗਾ। ਉਨ੍ਹਾਂ ਨੇ 21,500 ਰੁਪਏ ਦੀ ਨਵੀਂ ਇੰਸ਼ੋਰੈਂਸ ਪਾਲਿਸੀ ਕਰਵਾ ਲਈ। ਕੁਝ ਸਮੇਂ ਬਾਅਦ ਉਨ੍ਹਾਂ ਨੂੰ ਫਿਰ ਫੋਨ ਆਇਆ ਅਤੇ ਫੋਨ ਕਰਨ ਵਾਲੇ ਨੇ ਉਨ੍ਹਾਂ ਨੂੰ ਪਾਲਿਸੀ ਨੰਬਰ ਦੱਸ ਕੇ ਲਾਲਚ ਦਿੱਤਾ ਕਿ ਜੇ ਇੱਕ ਹੋਰ ਕੰਪਨੀ ਵਿੱਚ ਇੰਸ਼ੋਰੈਂਸ ਕਰਾਉਂਦੇ ਹਨ ਤਾਂ ਉਨ੍ਹਾਂ ਨੂੰ ਵੀਹ ਫੀਸਦੀ ਵਿਆਜ ਮਿਲੇਗਾ। ਉਹ ਝਾਂਸੇ ਵਿੱਚ ਆ ਗਏ ਤੇ ਆਪਣੇ ਰਿਸ਼ਤੇਦਾਰਾਂ ਦੀ ਵੀ ਪਾਲਿਸੀ ਕਰਵਾ ਦਿੱਤੀ। ਦੋ ਸਾਲ ਬਾਅਦ ਪਤਾ ਲੱਗਾ ਕਿ ਉਨ੍ਹਾਂ ਨਾਲ 3.43 ਕਰੋੜ ਰੁਪਏ ਦੀ ਠੱਗੀ ਹੋਈ ਹੈ। ਜਿਨ੍ਹਾਂ ਨੰਬਰਾਂ ਤੋਂ ਫੋਨ ਆਉਂਦਾ ਸੀ, ਉਨ੍ਹਾਂ ਲੋਕਾਂ ਨੇ ਜਵਾਬ ਦੇਣੇ ਬੰਦ ਕਰ ਦਿੱਤੇ। ਉਨ੍ਹਾਂ ਦੀ ਸ਼ਿਕਾਇਤ ਪਿੱਛੋਂ ਪੁਲਸ ਨੇ 12 ਦੋਸ਼ੀਆਂ ਨੂੰ ਨਾਮਜ਼ਦ ਕੀਤਾ ਸੀ, ਪਰ ਪੁਲਸ ਨੂੰ ਉਨ੍ਹਾਂ ਬਾਰੇ ਕੁਝ ਪਤਾ ਨਹੀਂ ਲੱਗ ਰਿਹਾ ਸੀ। ਪਿਛਲੇ ਦਿਨੀਂ ਡੀ ਸੀ ਪੀ ਸਚਿਨ ਗੁਪਤਾ ਦੀ ਅਗਵਾਈ ਵਾਲੀ ਪੁਲਸ ਟੀਮ ਨੇ ਚਾਰ ਦੋਸ਼ੀਆਂ ਨੂੰ ਦਿੱਲੀ ਵਿੱਚ ਜਾ ਫੜਿਆ। ਇਨ੍ਹਾਂ ਦੀ ਪਛਾਣ ਯੋਗੇਸ਼ ਕੁਮਾਰ ਵਾਸੀ ਮੰਗੋਲਪੁਰੀ ਦਿੱਲੀ, ਉਸ ਦਾ ਭਰਾ ਆਕਾਸ਼ ਕੁਮਾਰ, ਸੁਨੀਲ ਤੇ ਮੌਸਮੀ ਵਾਸੀ ਮੋਤੀ ਬਾਗ ਦਿੱਲੀ ਵਜੋਂ ਹੋਈ। ਪੁਲਸ ਨੇ ਇਨ੍ਹਾਂ ਕੋਲੋਂ ਪ੍ਰਾਈਵੇਟ ਕੰਪਨੀ ਤੋਂ ਖਰੀਦਿਆ ਹੋਇਆ ਪਾਲਿਸੀ ਡਾਟਾ ਅਤੇ ਮੋਬਾਈਲ ਵੀ ਬਰਾਮਦ ਕੀਤਾ ਹੈ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇੰਸ਼ੋਰੈਂਸ ਕੰਪਨੀਆਂ ਵੱਲੋਂ ਆਪਣੇ ਗਾਹਕਾਂ ਦਾ ਇੰਸ਼ੋਰੈਂਸ ਸੰਬੰਧੀ ਡਾਟਾ ਤਿੰਨ ਤੋਂ ਚਾਰ ਰੁਪਏ ਪ੍ਰਤੀ ਦੇ ਹਿਸਾਬ ਨਾਲ ਵੇਚ ਦਿੱਤਾ ਜਾਂਦਾ ਹੈ। ਇਹ ਲੋਕ ਉਸੀ ਡਾਟਾ ਨਾਲ ਲੋਕਾਂ ਨੂੰ ਫੋਨ ਕਰ ਕੇ ਠੱਗਦੇ ਸਨ।

# ਅਟਾਰੀ ਚੈੱਕ ਪੋਸਟ ਉੱਤੇ ਫਸਿਆ ਮਾਲ ਵਪਾਰੀਆਂ ਨੂੰ ਅਦਾਲਤੀ ਹੁਕਮ ਉੱਤੇ ਮਿਲਿਆ

ਅੰਮ੍ਰਿਤਸਰ, 21 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਨਾਲ ਵਪਾਰ ਕਰਨ ਵਾਲੇ ਭਾਰਤੀ ਵਪਾਰੀਆਂ ਨੂੰ ਕੱਲ੍ਹ ਉਸ ਵੇਲੇ ਰਾਹਤ ਮਿਲੀ, ਜਦੋਂ ਅਟਾਰੀ ਇੰਟਰਨੈਸ਼ਨਲ ਚੈੱਕ ਪੋਸਟ (ਆਈ ਸੀ ਪੀ) ਅਧਿਕਾਰੀਆਂ ਪ੍ਰਬੰਧਕਾਂ ਨੇ 16 ਫਰਵਰੀ ਨੂੰ ਸਰਹੱਦ ਪਾਰੋਂ ਆਇਆ ਹੋਇਆ ਮਾਲ ਆਮ ਟੈਕਸ ਦਰਾਂ ਨਾਲ ਵਪਾਰੀਆਂ ਨੂੰ ਸੌਂਪ ਦਿੱਤਾ।

ਵਰਨਣ ਯੋਗ ਹੈ ਕਿ ਪੁਲਵਾਮਾ ਹਮਲੇ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਖਿਲਾਫ ਸਖਤ ਕਦਮ ਉਠਾਉਂਦੇ ਹੋਏ 16 ਫਰਵਰੀ ਨੂੰ ਪਾਕਿਸਤਾਨੀ ਇੰਪੋਰਟ ਉੱਤੇ 200 ਫੀਸਦ ਕਸਟਮ ਡਿਊਟੀ ਲਾ ਦਿੱਤੀ ਸੀ। ਇਸ ਨਾਲ ਕਰੋੜਾਂ ਰੁਪਏ ਦਾ ਮਾਲ ਆਈ ਸੀ ਪੀ ਉੱਤੇ ਰੁਕਿਆ ਹੋਇਆ ਸੀ। ਵਪਾਰੀਆਂ ਦੀ ਦਲੀਲ ਸੀ ਕਿ ਪਾਕਿਸਤਾਨੀ ਮਾਲ ਸਰਕਾਰ ਦੇ ਨਵੇਂ ਆਦੇਸ਼ਾਂ ਤੋਂ ਪਹਿਲਾਂ ਦੇਸ਼ ਵਿੱਚ ਆ ਚੁੱਕਾ ਸੀ ਅਤੇ ਉਹ ਇਸ ਦੀ ਬਣਦੀ ਕਸਦਮ ਡਿਊਟੀ ਦਾ ਭੁਗਤਾਨ ਕਰ ਚੁੱਕੇ ਸਨ। ਇਸ ਲਈ ਇਹ ਮਾਲ ਪਹਿਲੀਆਂ ਟੈਕਸ ਦਰਾਂ ਮੁਤਾਬਕ ਦਿੱਤਾ ਜਾਵੇ। ਉਨ੍ਹਾਂ ਨੇ ਇਸ ਕੇਸ ਵਿੱਚ ਅਦਾਲਤ ਦਾ ਦਰਵਾਜ਼ਾ ਖੜਕਾਇਆ ਸੀ ਅਤੇ ਅਦਾਲਤ ਨੇ ਵਪਾਰੀਆਂ ਦੇ ਹੱਕ ਵਿੱਚ ਫੈਸਲਾ ਦਿੱਤਾ ਸੀ। ਵਪਾਰੀਆਂ ਮੁਤਾਬਕ ਭਾਰਤ ਸਰਕਾਰ ਵੱਲੋਂ ਟੈਕਸ ਡਿਊਟੀ ਵਿੱਚ ਵਾਧਾ ਕਰਨ ਨਾਲ ਸੀਮਿੰਟ ਦੀਆਂ ਲਗੱਭਗ 90 ਹਜ਼ਾਰ ਬੋਰੀਆਂ, ਛੁਹਾਰੇ ਦੀਆਂ ਛੇ ਹਜ਼ਾਰ ਬੋਰੀਆਂ, 500 ਮੀਟਰਕ ਟਨ ਜਿਪਸਮ ਅਤੇ ਹੋਰ ਕੈਮੀਕਲ ਆਦਿ ਸਮੇਤ ਮਾਲ ਆਈ ਸੀ ਪੀ ਉੱਤੇ ਪਿਆ ਸੀ। ਆਲ ਇੰਡੀਆ ਡਰਾਈਡੇਟਸ ਐਸੋਸੀਏਸ਼ਨ ਦੇ ਪ੍ਰਧਾਨ ਅਨਿਲ ਮਹਿਰਾ ਨੇ ਦੱਸਿਆ ਕਿ ਅਦਾਲਤ ਦੇ ਆਦੇਸ਼ਾਂ ਮਗਰੋਂ ਆਈ ਸੀ ਪੀ ਦੇ ਪ੍ਰਬੰਧਕਾਂ ਨੇ ਵੱਡੀ ਗਿਣਤੀ ਵਿੱਚ ਵਪਾਰੀਆਂ ਦਾ ਮਾਲ ਸੌਂਪ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਪ੍ਰਬੰਧਕਾਂ ਵੱਲੋਂ ਛੁਹਾਰੇ ਦੇ ਇੱਕ ਟਰੱਕ ਉੱਤੇ ਸੱਤ ਲੱਖ ਰੁਪਏ ਡਿਊਟੀ ਲਾਈ ਜਾ ਰਹੀ ਸੀ, ਪਰ ਅਦਾਲਤੀ ਆਦੇਸ਼ਾਂ ਮਗਰੋਂ ਸਿਰਫ 10 ਹਜ਼ਾਰ ਰੁਪਏ ਡਿਊਟੀ ਦਾ ਭੁਗਤਾਨ ਕੀਤਾ ਗਿਆ ਹੈ। ਸੀਮਿੰਟ ਵਪਾਰੀਆਂ ਨੂੰ ਭਾਰੀ ਨੁਕਸਾਨ ਸਹਿਣਾ ਪਿਆ ਹੈ ਕਿਉਂਕਿ ਪਿਛਲੇ ਸੱਤ ਮਹੀਨੇ ਤੋਂ ਆਈ ਸੀ ਪੀ ਉੱਤੇ ਰੱਖੀਆਂ ਸੀਮਿੰਟ ਦੀਆਂ ਲਗੱਭਗ 90 ਹਜ਼ਾਰ ਬੋਰੀਆਂ ਵਿੱਚੋਂ ਵਧੇਰੇ ਸੀਮਿੰਟ ਜੰਮ ਗਿਆ ਹੈ। ਉਨ੍ਹਾਂ ਦੱਸਿਆ ਕਿ ਦੋ ਮਹੀਨੇ ਮਗਰੋਂ ਬੋਰੀ ਵਿੱਚ ਪਏ ਸੀਮਿੰਟ ਦੀ ਤਾਕਤ ਵਿੱਚ ਕਮੀ ਆ ਜਾਂਦੀ ਹੈ। ਇਸ ਦੇ ਬਾਵਜੂਦ ਉਨ੍ਹਾਂ ਆਪਣੀਆਂ ਸੀਮਿੰਟ ਦੀਆਂ ਲਗੱਭਗ 1600 ਬੋਰੀਆਂ ਟੈਕਸ ਦੀ ਆਮ ਦਰ ਦਾ ਭੁਗਤਾਨ ਕਰਨ ਦੇ ਨਾਲ ਚੁੱਕ ਲਈਆਂ ਹਨ। ਉਨ੍ਹਾਂ ਖੁਲਾਸਾ ਕੀਤਾ ਕਿ 75 ਫੀਸਦੀ ਬੋਰੀਆਂ ਵਿੱਚ ਸੀਮਿੰਟ ਨੂੰ ਨੁਕਸਾਨ ਪੁੱਜਾ ਹੈ। ਵਪਾਰੀਆਂ ਦੀ ਜਥੇਬੰਦੀ ਕਨਫੈਡਰੇਸ਼ਨ ਆਫ ਇੰਡੀਅਨ ਚੈਂਬਰ ਆਫ ਕਾਮਰਸ ਦੇ ਡਾਇਰੈਕਟਰ ਅਸ਼ੋਕ ਸੇਠੀ ਨੇ ਆਖਿਆ ਕਿ ਇਹ ਆਰਜ਼ੀ ਰਾਹਤ ਹੈ ਅਤੇ ਵਪਾਰੀਆਂ ਨੂੰ ਸਰਕਾਰ ਦੇ ਫੈਸਲੇ ਕਾਰਨ ਭਾਰੀ ਨੁਕਸਾਨ ਝੱਲਣਾ ਪਿਆ ਹੈ।


ਬਰਾੜ ਗਰਾਜ ਡੋਰ



ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers

• ਕਾਲ ਕਰੋ: 416-357-4082 •


# ਗੜ੍ਹਸ਼ੰਕਰ ਵਿਖੇ ਖਾਲਸਾਈ ਖੇਡਾਂ 23 ਤੋਂ 25 ਅਕਤੂਬਰ ਤੱਕ

ਚੰਡੀਗੜ੍ਹ, 21 ਅਕਤੂਬਰ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠਲੇ ਕਾਲਜਾਂ ਦੀਆਂ ਖਾਲਸਾਈ ਖੇਡਾਂ 23 ਤੋਂ 25 ਅਕਤੂਬਰ ਤੱਕ ਬੱਬਰ ਅਕਾਲੀ ਖਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਹੋਣਗੀਆਂ। ਇਹ ਫੈਸਲਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਅਗਵਾਈ ਵਿੱਚ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਲਿਆ ਗਿਆ ਤੇ ਵੱਖ-ਵੱਖ ਖੇਡਾਂ ਵਿੱਚ ਪ੍ਰਾਪਤੀਆਂ ਵਾਲੇ ਖਿਡਾਰੀਆਂ ਨੂੰ ਸਨਮਾਨਿਤ ਕਰਨ ਦਾ ਫੈਸਲਾ ਹੋਇਆ ਹੈ। ਇਸ ਵਾਰ ਦੀਆਂ ਖਾਲਸਾਈ ਖੇਡਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਇਤਿਹਾਸਕ ਪੁਰਬ ਨੂੰ ਸਮਰਪਿਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਨ੍ਹਾਂ ਖੇਡਾਂ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਸਾਰੇ ਕਾਲਜਾਂ ਦੇ ਖਿਡਾਰੀ ਅਤੇ ਸਾਬਕਾ ਖਿਡਾਰੀ ਹਿਸਾ ਲੈਣਗੇ। ਵੱਖ-ਵੱਖ ਖੇਡਾਂ ਤੋਂ ਇਲਾਵਾ ਬਾਣੀ ਤੇ ਬਾਣੇ ਦੀ ਖੇਡ ਸਿੱਖ ਮਾਰਸ਼ਲ ਆਰਟ ਗੱਤਕਾ ਪ੍ਰਦਰਸ਼ਨੀ ਵਿਸ਼ੇਸ਼ ਖਿਚ ਦਾ ਕੇਂਦਰ ਰਹੇਗੀ। ਅੰਤ੍ਰਿੰਗ ਕਮੇਟੀ ਵੱਲੋਂ ਥਾਈਲੈਂਡ ਦੀ ਰਾਜਧਾਨੀ ਬੈਂਕਾਕ ਵਿਖੇ ਤਾਈਕਵਾਂਡੋਂ ਖੇਡ ਵਿੱਚੋਂ ਗੋਲਡ ਮੈਡਲ ਹਾਸਲ ਕਰਨ ਵਾਲੇ ਪਟਿਆਲਾ ਨੇੜਲੇ ਭੁਨਰਹੇੜੀ ਪਿੰਡ ਦੇ ਰਵਿੰਦਰ ਸਿੰਘ ਨੂੰ ਉਸ ਦੀ ਪ੍ਰਾਪਤੀ ਬਦਲੇ 51 ਹਜ਼ਾਰ ਰੁਪਏ ਦਾ ਇਨਾਮ ਦੇਣ ਦਾ ਫੈਸਲਾ ਕੀਤਾ ਹੈ। ਇਸੇ ਤਰ੍ਹਾਂ ਗੁਰੂ ਨਾਨਕ ਖਾਲਸਾ ਕਾਲਜ ਡਰੋਲੀ ਕਲਾਂ ਜਲੰਧਰ ਦੀ ਵਿਦਿਆਰਥਣ ਲਕਸ਼ਮੀ ਨੂੰ ਵੀ ਕਰਾਸ ਕੰਟਰੀ ਓਪਨ ਪੰਜਾਬ ਵਿੱਚੋਂ ਸੋਨੇ ਦਾ ਤਮਗਾ, ਐਥਲੈਟਿਕ ਮੀਟ 1500 ਮੀਟਰ ਵਿੱਚੋਂ ਚਾਂਦੀ ਦਾ ਤਮਗਾ ਹਾਸਲ ਕਰਨ ਬਦਲੇ 50 ਹਜ਼ਾਰ ਰੁਪਏ ਦੀ ਇਨਾਮੀ ਰਾਸ਼ੀ ਦਿੱਤੀ ਜਾਵੇਗੀ।


ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7


# ਸਿੱਖ ਰਹਿਤ ਮਰਿਯਾਦਾ ਅਨੁਸਾਰ ਨਿਸ਼ਾਨ ਸਾਹਿਬਾਨ ਦੇ ਪੁਸ਼ਾਕਿਆਂ ਦਾ ਰੰਗ ਬਸੰਤੀ ਜਾਂ ਸੁਰਮਈ ਵਰਤਣ ਦੀ ਅਪੀਲ

ਅੰਮ੍ਰਿਤਸਰ, 19 ਅਕਤੂਬਰ (ਪੋਸਟ ਬਿਊਰੋ): ਪੰਜਾਬੀ ਕਾਲਮਨਵੀਸ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੂੰ ਇੱਕ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਸਿੱਖ ਰਹਿਤ ਮਰਿਯਾਦਾ ਅਨੁਸਾਰ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਸੰਤੀ ਜਾਂ ਸੁਰਮਈ ਹੋਣਾ ਚਾਹੀਦਾ ਹੈ, ਜਿਵੇਂ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਸਿੱਖ ਰਹਿਤ ਮਰਿਯਾਦਾ ਜੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇੰਟਰਨੈਟ 'ਤੇ ਆਪਣੀ ਵੈਬਸਾਈਟ ਵਿੱਚ ਵੀ ਦਰਜ ਹੈ, ਹੋਣਾ ਚਾਹੀਦਾ ਹੈ। ਪਰ ਕੁਝ ਸਾਲਾਂ ਤੋਂ ਬਸੰਤੀ ਤੇ ਸੁਰਮਈ ਰੰਗ ਦੀ ਥਾਂ 'ਤੇ ਨਿਸ਼ਾਨ ਸਾਹਿਬ ਦੇ ਪੁਸ਼ਾਕਿਆਂ ਦਾ ਰੰਗ ਭੰਗਵਾਂ ਕੀਤਾ ਗਿਆ ਹੈ ਜੋ ਕਿ ਸਿੱਖ ਰਹਿਤ ਮਰਿਯਾਦਾ ਦੀ ਉਲੰਘਣਾ ਹੈ। ਸਿਰੋਪੇ ਵੀ ਭੰਗਵੇਂ ਦੇਣੇ ਸ਼ੁਰੂ ਕਰ ਦਿੱਤੇ ਗਏ ਹਨ। ਭੰਗਵਾਂ ਰੰਗ ਸਿੱਖ ਮੱਤ ਦੇ ਅਨੁਯਾਈਆਂ ਦਾ ਰੰਗ ਨਹੀਂ ਹੈ। ਇਹ ਆਰ ਐੱਸ ਐੱਸ ਦਾ ਰੰਗ ਹੈ। ਇਸ ਤਰ੍ਹਾਂ ਮੌਜੂਦਾ ਸ਼੍ਰੋਮਣੀ ਅਕਾਲੀ ਦਲ ਨੇ ਸਿੱਖ ਧਰਮ ਦਾ ਭੰਗਵਾਂਕਰਨ ਕਰ ਦਿੱਤਾ ਹੈ। ਸਭ ਤੋਂ ਮਾੜੀ ਗੱਲ ਇਹ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਰਹਿਤ ਮਰਿਯਾਦਾ ਦੀਆਂ ਧਜੀਆਂ ਉਡਾਈਆਂ ਜਾ ਰਹੀਆਂ ਹਨ।

ਜਦ ਕਿ ਸਾਰੀ ਦੁਨੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਦਿਹਾੜਾ ਮਨਾ ਰਹੀ ਹੈ ਤਾਂ ਸਾਡਾ ਸਾਰਿਆਂ ਦਾ ਫ਼ਰਜ਼ ਬਣਦਾ ਹੈ ਕਿ ਅਸੀਂ ਪੰਥ ਪ੍ਰਵਾਨਿਤ ਰਹਿਤ ਮਰਿਯਾਦਾ 'ਤੇ ਅਮਲ ਕਰੀਏ। ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅੰਦਰ ਭੰਗਵੇਂ ਸਿਰੋਪੇ ਦੇਣੇ ਵੀ ਰਹਿਤ ਮਰਿਯਾਦਾ ਦੀ ਉਲੰਘਣਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਬਾਹਰ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਵੀ ਭੰਗਵੇਂ ਹਨ। ਇਹ ਵੀ ਬਸੰਤੀ ਚਾਹੀਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਦਿਹਾੜੇ ਸਬੰਧੀ ਜਿਹੜੇ ਵੀ ਧਾਰਮਿਕ , ਸਮਾਜਿਕ ਤੇ ਰਾਜਨੀਤਕ ਪ੍ਰੋਗਰਾਮ ਕੇਂਦਰ ਸਰਕਾਰ, ਪੰਜਾਬ ਸਰਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਸੰਸਥਾਵਾਂ ਵੱਲੋਂ ਕੀਤੇ ਜਾ ਰਹੇ ਹਨ ਉਨ੍ਹਾਂ ਵਿੱਚ ਬਸੰਤੀ ਜਾਂ ਸੁਰਮਈ ਰੰਗ ਦੇ ਸਿਰੋਪੇ ਹੋਣੇ ਚਾਹੀਦੇ ਹਨ ਤੇ ਭੰਗਵੇਂ ਰੰਗ ਵਰਤਣ 'ਤੇ ਸਿੱਖ ਰਹਿਤ ਮਰਿਯਾਦਾ ਦੀ ਉਲੰਘਣਾ ਸਮਝਿਆ ਜਾਣਾ ਚਾਹੀਦਾ ਹੈ।


KARTAR FURNITURE



ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
- ਅਸੀਂ ਸੌਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

# ਸਾਡੇ ਨੌਜਵਾਨ ਵਰਗ ਦੀ ਸੋਚ ਕਿੱਧਰ ਨੂੰ ਹੋ ਤੁਰੀ

-ਬੂਟਾ ਸਿੰਘ ਵਾਕਫ

ਗਰਮੀਆਂ ਦੀਆਂ ਛੁੱਟੀਆਂ ਦੇ ਦਿਨ ਸਨ। ਗਲੀ ਵਿੱਚ ਖੇਡ ਰਹੇ ਬੱਚੇ ਲਗਾਤਾਰ ਇਹ ਨਾਅਰੇ ਉਚਾਰ ਰਹੇ ਸਨ, 'ਮਹਾਰਾਜ ਕੀ ਜੈ.. ਮਹਾਰਾਜ ਕੀ ਜੈ..।' ਸ਼ਾਇਦ ਉਹ ਕਿਸੇ ਟੀ ਵੀ ਸੀਰੀਅਲ ਦੀ ਨਕਲ ਉਤਾਰ ਰਹੇ ਸਨ। ਕੁਝ ਦੇਰ ਬਾਅਦ ਉਨ੍ਹਾਂ ਨੇ ਆਪਣੀ ਸੂਈ ਬਦਲ ਕੇ ਪੰਜਾਬੀ ਗੀਤਾਂ 'ਤੇ ਧਰ ਲਈ। 'ਦੇਸੀ ਗਰੁੱਪ.. ਦੇਸੀ ਗਰੁੱਪ..।' ਫਿਰ ਉਨ੍ਹਾਂ ਨੇ ਇੱਕ ਹੋਰ ਗੀਤ ਛੋਹਿਆ। 'ਨਖਰਾ ਤੇਰਾ ਨੀ.. ਹਏ ਨਖਰਾ..।' ਫਿਰ ਸਾਰੇ ਉਚੀ-ਉਚੀ ਹੋ-ਹੱਲਾ ਕਰਨ ਲੱਗ ਪਏ।

ਮੈਂ ਤੇ ਮੇਰਾ ਦੋਸਤ ਬੈਠਕ ਵਿੱਚ ਬੈਠੇ ਕੋਈ ਜ਼ਰੂਰੀ ਗੱਲ ਕਰ ਰਹੇ ਸਾਂ। ਬਾਹਰੋਂ ਬੱਚਿਆਂ ਦੀਆਂ ਆ ਰਹੀਆਂ ਸ਼ੋਰ ਭਰੀਆਂ ਅਵਾਜ਼ਾਂ ਕਾਰਨ ਮੇਰਾ ਧਿਆਨ ਵਾਰ-ਵਾਰ ਉੱਖੜ ਰਿਹਾ ਸੀ। ਮੈਥੋਂ ਉਨ੍ਹਾਂ ਦਾ ਸ਼ੋਰ ਬਰਦਾਸ਼ਤ ਨਹੀਂ ਹੋ ਰਿਹਾ ਸੀ। ਮੈਂ ਬੈਠਕ ਦਾ ਦਰਵਾਜ਼ਾ ਖੋਲ੍ਹ ਕੇ ਉਨ੍ਹਾਂ ਨੂੰ ਵਰਜ ਰਿਹਾ ਸੀ ਕਿ ਮੇਰੇ ਦੋਸਤ ਨੇ ਮੈਨੂੰ ਵਾਪਸ ਆਉਣ ਦੀ ਆਵਾਜ਼ ਦਿੱਤੀ। ਉਸ ਨੇ ਕਿਹਾ ਕਿ ਜੋ ਇਨ੍ਹਾਂ ਬੱਚਿਆਂ ਨੂੰ ਪਰੋਸਿਆ ਜਾ ਰਿਹਾ ਹੈ, ਇਹ ਉਹੋਂ ਕੁਝ ਕਰਨਗੇ।

ਮੈਂ ਆਪਣੇ ਦੋਸਤ ਦੀ ਇਸ ਗੱਲ ਨਾਲ ਸਹਿਮਤੀ ਭਰੀ। ਸੱਚ ਹੀ ਤਾਂ ਹੈ ਕਿ ਅਸੀਂ ਜੋ ਮਾਹੌਲ ਆਪਣੇ ਬੱਚਿਆਂ ਨੂੰ ਅੱਜ ਦੇ ਰਹੇ ਹਾਂ, ਉਸ ਦਾ ਅਸਰ ਬੱਚਿਆਂ ਦੇ ਮਨਾਂ ਉੱਤੇ ਪੈਣਾ ਸੁਭਾਵਿਕ ਹੈ। ਨਾਲੇ ਇਹ ਬਾਲ ਇਹ ਫੈਸਲਾ ਕਰਨ ਦੇ ਯੋਗ ਵੀ ਨਹੀਂ ਹੁੰਦੇ ਕਿ ਉਨ੍ਹਾਂ ਲਈ ਕੀ ਠੀਕ ਅਤੇ ਕੀ ਗਲਤ ਹੋ ਰਿਹਾ ਹੈ।

ਮੈਨੂੰ ਆਪਣੇ ਬੱਚਿਆਂ ਦਾ ਚੇਤਾ ਆਇਆ। ਛੁੱਟੀਆਂ ਵਿੱਚ ਅਕਸਰ ਉਹ ਸਾਰਾ ਕੰਮ ਛੇਤੀ-ਛੇਤੀ ਨਿਬੇੜਨ ਦੀ ਕੋਸ਼ਿਸ਼ ਕਰਦੇ ਹਨ। ਫਿਰ ਸਾਰਾ ਦਿਨ ਟੀ ਵੀ ਮੂਹਰੇ ਬੈਠ ਕੇ ਕਾਰਟੂਨ/ ਫਿਲਮਾਂ ਆਦਿ ਵੇਖਦੇ ਰਹਿੰਦੇ ਹਨ। ਮੰਗਣ 'ਤੇ ਟੀ ਵੀ ਦਾ ਰਿਮੋਟ ਨਾ ਦੇਣ ਦੀ ਜ਼ਿੱਦ 'ਤੇ ਅੜਦੇ ਹਨ। ਲੱਖ ਵਾਰ ਸਮਝਾਉਣ 'ਤੇ ਵੀ ਉਹ ਦਿਨ ਭਰ ਟੀ ਵੀ ਦੇਖਣਾ ਬੰਦ ਨਹੀਂ ਕਰਦੇ। ਅਨੇਕਾਂ ਵਾਰ ਮੇਰਾ ਆਉਣ-ਜਾਣ ਆਪਣੇ ਦੋਸਤਾਂ/ ਮਿੱਤਰਾਂ ਤੇ ਰਿਸ਼ਤੇਦਾਰਾਂ ਦੇ ਘਰ ਵੀ ਹੁੰਦਾ ਹੈ। ਉਥੇ ਵੀ ਬੱਚੇ ਅਕਸਰ ਆਪਣਾ ਕੀਮਤੀ ਸਮਾਂ ਟੀ ਵੀ ਦੀ ਭੇਟ ਚਾੜ੍ਹ ਰਹੇ ਹੁੰਦੇ ਹਨ। ਛੁੱਟੀਆਂ ਦੇ ਦਿਨਾਂ ਵਿੱਚ ਅਕਸਰ ਬੱਚੇ ਨਾਨਕਿਆਂ ਨੂੰ ਚਲੇ ਜਾਂਦੇ ਹਨ। ਉਥੇ ਕੋਈ ਵੀ ਉਨ੍ਹਾਂ ਨੂੰ ਟੀ ਵੀ ਮੂਹਰਿਉਂ ਨਹੀਂ ਉਠਾ ਸਕਦਾ।

ਮੈਨੂੰ ਆਪਣਾ ਬਚਪਨ ਯਾਦ ਆਉਂਦਾ ਹੈ। ਸਕੂਲ ਤੇ ਘਰ ਦੇ ਕੰਮ ਨਿਬੇੜਨ ਤੋਂ ਬਾਅਦ ਸਾਡੇ ਕੋਲ ਕਿੰਨਾ ਸਾਰਾ ਵਿਹਲਾ ਸਮਾਂ ਬਚ ਜਾਂਦਾ ਸੀ। ਆਥਣ ਵੇਲੇ ਵਿਹਲੇ ਹੋ ਕੇ ਕਈ-ਕਈ ਘੰਟੇ ਡੰਡੇ ਨਾਲ ਗੁੱਲੀ ਦੀ ਰੇਲ ਬਣਾਈ ਰੱਖਦੇ ਸਾਂ। ਖੁੱਤੀਆਂ 'ਤੇ ਕਾਬਜ਼ ਹੋਣ ਲਈ ਕੱਚ ਦੀ ਗੋਲੀਆਂ ਨਾਲ ਜੇਬਾਂ ਭਰੀ ਰੱਖਦੇ ਸਾਂ। ਡੰਡ ਪਲੰਗਾ, ਲੁਕਣ ਮੀਟੀ, ਲੋਹਾ-ਲੱਕੜ ਵਰਗੀਆਂ ਕਿੰਨੀਆਂ ਹੀ ਦੇਸੀ ਖੇਡਾਂ ਖੇਡਦਿਆਂ ਪਤਾ ਨਾ ਲੱਗਦਾ ਕਿ ਕਦੋਂ ਰਾਤ ਪੈ ਜਾਂਦੀ ਸੀ। ਖੇਡਾਂ ਦੌਰਾਨ ਹੋਣ ਵਾਲੀ ਸਰੀਰਕ ਮੁਸ਼ੱਕਤ ਕਾਰਨ ਏਨੀ ਥਕਾਵਟ ਵੀ ਹੋ ਜਾਂਦੀ ਕਿ ਮੰਜੇ 'ਤੇ ਡਿਗਦਿਆਂ ਪਤਾ ਨਹੀਂ ਕਿਹੜੇ ਵੇਲੇ ਨੀਂਦ ਦੀ ਗੋਦ ਵਿੱਚ ਚਲੇ ਜਾਂਦੇ। ਦਿਨ ਚੜ੍ਹੇ ਦਾ ਉਦੋਂ ਪਤਾ ਚਲਦਾ ਜਦੋਂ ਘਰ ਦੇ ਉੱਠ ਕੇ ਚਾਹ ਪੀਣ ਦੀਆਂ ਆਵਾਜ਼ਾਂ ਦੇ ਰਹੇ ਹੁੰਦੇ।



ਅੱਜ ਦੇ ਸੰਦਰਭ ਵਿੱਚ ਮੈਨੂੰ ਤਰਕਸ਼ੀਲ ਮੇਲੇ ਦੌਰਾਨ ਵਾਪਰੀ ਉਹ ਘਟਨਾ ਯਾਦ ਆਉਂਦੀ ਹੈ ਜਦੋਂ ਮੇਲੇ ਦੌਰਾਨ ਲੋਕ ਗਾਇਕ ਉਸਾਰੂ ਗੀਤ ਸੰਗੀਤ ਦੀ ਪੇਸ਼ਕਾਰੀ ਕਰ ਰਹੇ ਸਨ। ਇਸੇ ਦੌਰਾਨ ਚਾਰ ਪੰਜ ਨੌਜਵਾਨ ਸਟੇਜ ਦੇ ਨੇੜੇ ਚਲੇ ਗਏ। ਉਥੇ ਉਨ੍ਹਾਂ ਨੇ ਬੋਲੀਆਂ ਦੀ ਤਰਜ਼ 'ਤੇ ਨੱਚਣਾ ਸ਼ੁਰੂ ਕਰ ਦਿੱਤਾ। ਪ੍ਰਬੰਧਕਾਂ ਨੇ ਇਸ ਦਾ ਤਿੱਖਾ ਨੋਟਿਸ ਲੈਂਦਿਆਂ ਉਨ੍ਹਾਂ ਨੂੰ ਭਜਾ ਦਿੱਤਾ। ਸ਼ਾਇਦ ਨੌਜਵਾਨਾਂ ਨੇ ਕੋਈ ਨਸ਼ਾ ਆਦਿ ਵੀ ਕੀਤਾ ਹੋਊ। ਮਨ 'ਚ ਸਵਾਲ ਪੈਦਾ ਹੋਇਆ ਕਿ ਇਹ ਉਹੀ ਕਰਨਗੇ ਜੋ ਨਿੱਤ ਦਿਨ ਪੈਲਿਸਾਂ ਵਿੱਚ ਅਤੇ ਟੈਲੀਵਿਜ਼ਨ 'ਤੇ ਵੇਖਦੇ ਹਨ। ਇਨ੍ਹਾਂ ਨੂੰ ਕੀ ਪਤਾ ਕਿ ਤਰਕਸ਼ੀਲ ਪ੍ਰੋਗਰਾਮ ਲੋਕਾਈ ਨੂੰ ਕੀ ਸੇਧ ਦੇਂਦੇ ਹਨ? ਇਹ ਨੌਜਵਾਨ ਤਾਂ ਨਿਜ਼ਾਮ ਦੀ ਪੁੱਠੀ ਗਿੜ ਰਹੀ ਚੱਕੀ ਵਿੱਚ ਹੂ-ਬ-ਹੂ ਪਿਸ ਰਹੇ ਹਨ।

ਬਾਜ਼ਾਰ ਵਿੱਚੋਂ ਲੰਘ ਰਿਹਾ ਹਾਂ। ਕੁਝ ਮਨਚਲੇ ਨੌਜਵਾਨ ਵੇਖਦਾ ਹਾਂ। ਹੱਥ ਵਿੱਚ ਮਰੋੜ ਕੇ ਫੜੀ ਹੋਈ ਕਾਪੀ, ਕੰਨਾਂ ਵਿੱਚ ਈਅਰਫੋਨ ਅੜੁੰਗੇ ਆਪਣੀ ਮਸਤੀ ਵਿੱਚ ਝੂੰਮਦੇ ਜਾ ਰਹੇ ਹਨ। ਕੋਈ ਪਤਾ ਨਹੀਂ ਕਿ ਕੋਈ ਪਿੱਛੋਂ ਉਨ੍ਹਾਂ ਤੋਂ ਰਸਤਾ ਛੱਡਣ ਦੀ ਮੰਗ ਕਰ ਰਿਹਾ ਹੈ। ਜੇ ਉਹ ਮੋਟਰ ਸਾਈਕਲਾਂ 'ਤੇ ਸਵਾਰ ਹਨ ਫੇਰ ਤਾਂ ਸੜਕਾਂ 'ਤੇ ਹੋਣ ਵਾਲਾ ਟਰੈਫਿਕ ਉਨ੍ਹਾਂ ਲਈ ਕੋਈ ਮਾਅਨੇ ਨਹੀਂ ਰੱਖਦਾ। ਭੀੜ ਵਿੱਚੋਂ ਦੀ ਵੀ ਹਨੇਰੀ ਵਾਂਗ ਆਪਣੇ ਘੋਨੇ-ਮੋਨੇ (ਬਿਨਾਂ ਨੰਬਰ ਪਲੇਟ ਅਤੇ ਮੱਡ-ਗਾਰਡ ਦੇ) ਮੋਟਰ ਸਾਈਕਲਾਂ ਨੂੰ ਭਜਾ ਕੇ ਭੀੜ ਨੂੰ ਚੀਰਦੇ ਹੋਏ ਲੰਘਦੇ ਹਨ।

ਸ਼ਹਿਰ ਦੀ ਇੱਕ ਘਟਨਾ ਯਾਦ ਆਈ। ਭੀੜ-ਭੜੱਕੇ ਵਾਲਾ ਰਾਹ ਹੈ। ਦੁਕਾਨਾਂ ਅੱਗੇ ਵਾਹਨਾਂ ਦੀ ਪਾਰਕਿੰਗ ਕਾਰਨ ਲੰਘਣ ਦੀ ਸਮੱਸਿਆ ਵਧੀ ਹੋਈ ਹੈ। ਇੱਕ ਰਿਕਸ਼ੇ ਵਾਲਾ ਕਿਸੇ ਬਜ਼ੁਰਗ ਔਰਤ ਨੂੰ ਰਿਕਸ਼ੇ ਉਤੇ ਬਿਠਾ ਕੇ ਲਿਜਾ ਰਿਹਾ ਹੈ। ਅੱਗੋਂ ਇੱਕ ਮੋਟਰ ਸਾਈਕਲ 'ਤੇ ਤਿੰਨ ਨੌਜਵਾਨ ਸਵਾਰ ਹੋ ਕੇ ਆ ਰਹੇ ਹਨ। ਤਿੰਨਾਂ ਦੇ ਸਿਰ ਦੇ ਵਾਲ ਸੇਹ ਦੇ ਤੱਕਲੇ ਵਾਂਗ ਉਤਾਂਹ ਨੂੰ ਖੜ੍ਹੇ ਹਨ। ਮੋਟਰ ਸਾਈਕਲ ਦਾ ਹਾਰਨ ਲਗਾਤਾਰ ਵੱਜ ਰਿਹਾ ਹੈ। ਮੋਟਰ ਸਾਈਕਲ ਰਿਕਸ਼ਾ ਚਾਲਕ ਦੇ ਬਿਲਕੁਲ ਸਾਹਮਣੇ ਲਿਆ ਇੰਨੇ ਜ਼ੋਰ ਨਾਲ ਬਰੇਕ ਮਾਰਦੇ ਹਨ ਕਿ ਡਿਗਦੇ-ਡਿਗਦੇ ਮਸਾਂ ਬਚਦੇ ਹਨ। ਰਿਕਸ਼ਾ ਲੰਘਾਉਣ ਲਈ ਬਿਲਕੁਲ ਥਾਂ ਨਹੀਂ ਰਹਿੰਦੀ। ਜਾਮ ਲੰਬਾ ਹੁੰਦਾ ਜਾ ਰਿਹਾ ਹੈ। ਰਿਕਸ਼ਾ ਚਾਲਕ ਉਨ੍ਹਾਂ ਨੂੰ ਮੋਟਰ ਸਾਈਕਲ ਥੋੜ੍ਹਾ ਪਿੱਛੇ ਕਰਨ ਲਈ ਆਖਦਾ ਹੈ ਤਾਂ ਕਿ ਉਸ ਨੂੰ ਰਿਕਸ਼ਾ ਲੰਘਾਉਣ ਲਈ ਰਸਤਾ ਮਿਲ ਜਾਵੇ। ਨੌਜਵਾਨ ਅੜ ਜਾਂਦੇ ਹਨ ਤੇ ਆਖਦੇ ਹਨ, "ਇਹ ਮਿੱਤਰਾਂ ਦਾ ਬੰਬੂਕਾਟ ਐ, ਇਹ 'ਗਾਂਹ ਨੂੰ ਈ ਜਾਂਦੈ, ਪਿਛਾਂਹ ਨੂੰ ਨੀ ਮੁੜਦਾ। ਪਰੇ ਕਰ 'ਲਾ ਆਪਣਾ ਟੁੱਟਿਆ 'ਜਾ ਰਿਕਸ਼ਾ।" ਟਰੈਫਿਕ ਪੁਲੀਸ ਵਾਲਾ ਵੀ ਆ ਗਿਆ। 'ਕਾਕਿਆਂ' ਨੇ ਉਸ ਨੂੰ ਅੱਖਾਂ ਵਿਖਾਉਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਰਿਕਸ਼ਾ 'ਤੇ ਬੈਠੀ ਮਾਈ ਦਾ ਸਬਰ ਦਾ ਪਿਆਲਾ ਟੁੱਟ ਗਿਆ। ਮਾਈ ਨੇ ਆਪਣਾ ਰੰਗ ਵਿਖਾਇਆ। ਉਸ ਦੇ ਸਿੱਧੇ-ਸਪਾਟ ਤੇ ਲੋਹੇ-ਲਾਖੇ ਬੋਲ ਸੁਣ ਕੇ ਉਹ ਨੌਜਵਾਨ ਮੋਟਰ ਸਾਈਕਲ ਸਮੇਤ ਉਥੋਂ ਖਿਸਕ ਗਏ।

ਮਨ ਵਿੱਚ ਸੋਚਿਆ ਕਿ ਆਖਰ ਕੀ ਚਾਹੁੰਦਾ ਹੈ ਅਜੋਕਾ ਨੌਜਵਾਨ ਵਰਗ। ਕਦੇ ਉਸ ਅੰਦਰ ਡਲਕਾਂ ਮਾਰਨ ਵਾਲੀ ਉਹ 'ਭਗਤ-ਸਰਾਭੇ' ਵਾਲੀ ਉਸਾਰੂ ਸੋਚ ਖੰਭ ਲਾ ਕੇ ਕਿੱਧਰ ਉਡ ਗਈ। ਮੈਨੂੰ ਇਹ ਚਿੰਤਾ ਹੈ ਕਿ ਕਿਧਰੇ ਮੈਂ ਵੀ 'ਮਾਪੇ' ਹੋਣ ਦੇ ਫਰਜ਼ ਨੂੰ ਸਹੀ ਢੰਗ ਨਾਲ ਨਿਭਾ ਰਿਹਾ ਹਾਂ ਕਿ ਨਹੀਂ? ਕਿਤੇ ਮੈਂ ਇਨ੍ਹਾਂ ਫਰਜ਼ਾਂ ਨੂੰ ਵਿਸਾਰ ਤਾਂ ਨਹੀਂ ਰਿਹਾ?

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.




## ਅਮਰੀਕੀ ਫੌਜੀ ਸੀਰੀਆ ਛੱਡ ਕੇ ਪਛੱਮੀ ਇਰਾਨ ਵੱਲ ਜਾਣ ਲੱਗੇ



ਅਮਰੀਕਾ, 21 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਰੱਖਿਆ ਮੰਤਰੀ ਮਾਰਕ ਐਮਪਰ ਨੇ ਕਿਹਾ ਹੈ ਕਿ ਯੋਜਨਾ ਦੇ ਮੁਤਾਬਕ ਸੀਰੀਆ ਛੱਡਣ ਵਾਲੇ ਸਾਰੇ ਅਮਰੀਕੀ ਫੌਜੀ ਪੱਛਮੀ ਇਰਾਨ ਜਾਣਗੇ ਅਤੇ ਫੌਜ ਅੱਗੋਂ ਵੀ ਇਸਲਾਮਿਕ ਸਟੇਟ ਗਰੁੱਪ ਦੇ ਖਿਲਾਫ ਮੁਹਿੰਮ ਜਾਰੀ ਰੱਖੇਗੀ।

ਪੱਛਮੀ ਏਸ਼ੀਆ ਦੀ ਯਾਤਰਾਂ 'ਤੇ ਆਪਣੇ ਨਾਲ ਜਾ ਰਹੇ ਪੱਤਰਕਾਰਾਂ ਨਾਲ ਇਨ੍ਹਾਂ ਸੰਭਾਵਨਾਵਾਂ ਤੋਂ ਇਨਕਾਰ ਨਹੀਂ ਕੀਤਾ ਕਿ ਅਮਰੀਕੀ ਫੌਜ ਇਰਾਕ ਤੋਂ ਸੀਰੀਆ ਦੇ ਅੰਦਰ ਅੱਤਵਾਦ ਵਿਰੋਧੀ ਮੁਹਿੰਮ ਚਲਾਵੇਗੀ, ਪਰ ਉਨ੍ਹਾਂ ਨੇ ਕਿਹਾ ਕਿ ਆਉਂਦੇ ਸਮੇਂ ਵਿੱਚ ਇਨ੍ਹਾਂ 'ਤੇ ਵਿਸਥਾਰ ਨਾਲ ਕੰਮ ਕੀਤਾ ਜਾਵੇਗਾ। ਪਹਿਲੀ ਵਾਰ ਉਨ੍ਹਾਂ ਨੇ ਬਿਆਨ ਦੇ ਕੇ ਸਪੱਸ਼ਟ ਕੀਤਾ ਕਿ ਅਮਰੀਕੀ ਫੌਜੀ ਸੀਰੀਆ ਛੱਡਣ ਦੇ ਬਾਅਦ ਕਿਹਾ ਜਾ ਰਿਹਾ ਹੈ ਅਤੇ ਆਈ ਐਸ ਤੋਂ ਕਿਸ ਤਰ੍ਹਾਂ ਲੜਿਆ ਜਾਵੇਗਾ।

ਐਸਪਰ ਨੇ ਕਿਹਾ ਕਿ ਸੀਰੀਆ ਛੱਡ ਰਹੇ 700 ਫੌਜੀਆਂ ਦੇ ਪੱਛਮੀ ਇਰਾਕ ਜਾਣ ਦੀ ਯੋਜਨਾ ਬਾਰੇ ਉਨ੍ਹਾਂ ਨੇ ਇਰਾਕ ਦੇ ਵਿਦੇਸ਼ ਮੰਤਰੀ ਨਾਲ ਗੱਲ ਕੀਤੀ ਹੈ। ਤੁਰਕੀ ਦੇ ਰਾਸ਼ਟਰਪਤੀ ਤੈਅਬ ਐਰਦੋਗਨ ਨੇ ਟਰੰਪ ਨੂੰ ਫੋਨ ਕਰ ਕੇ ਸਪੱਸ਼ਟ ਕੀਤਾ ਸੀ ਕਿ ਉਨ੍ਹਾਂ ਦੀ ਫੌਜ ਕੁਰਦ ਫੋਰਸਾਂ ਨੂੰ ਪਿੱਛੇ ਹਟਾਉਣ ਲਈ ਹਮਲੇ ਕਰ ਰਹੀ ਹੈ ਜਿਸ ਦੇ ਬਾਅਦ ਟਰੰਪ ਨੇ ਸੀਰੀਆ ਵਿੱਚ ਤੈਨਾਤ ਕਰੀਬ ਇੱਕ ਹਜ਼ਾਰ ਅਮਰੀਕੀ ਫੌਜੀਆਂ ਵਿੱਚੋਂ ਅਧਿਕਤਰ ਨੂੰ ਉਥੋਂ ਹਟਾ ਦੇਣ ਦਾ ਆਦੇਸ਼ ਦਿੱਤਾ ਸੀ। ਕੁਰਦੇਸ਼ੀ ਫੋਰਸਾਂ ਨੂੰ ਤੁਰਕੀ ਲੋਕ ਅੱਤਵਾਦੀ ਮੰਨਦੇ ਹਨ।

## ਕੋਆਪਰੇਟਿਵ ਬੈਂਕਾਂ ਨੂੰ ਲੈ ਕੇ ਕਦੋਂ ਖੁੱਲ੍ਹੇਗੀ 'ਨੀਂਦ'

-ਐਲ ਵੈਂਕਟੇਸ਼

ਪੰਜਾਬ ਐਂਡ ਮਹਾਰਾਸ਼ਟਰ ਕੋ-ਆਪ੍ਰੇਟਿਵ ਬੈਂਕ (ਪੀ ਐਮ ਸੀ) ਵਿੱਚ ਪੈਸਾ ਜਮ੍ਹਾ ਕਰਵਾਉਣ ਵਾਲਿਆਂ ਦਾ ਭਰੋਸਾ ਘਟਦਾ ਜਾ ਰਿਹਾ ਹੈ। 18800 ਕਰੋੜ ਰੁਪਏ ਦੀ ਕੁਲ ਜਮ੍ਹਾ ਰਕਮ ਵਿੱਚੋਂ 6500 ਕਰੋੜ ਰੁਪਏ ਇੱਕ ਰੀਅਲ ਅਸਟੇਟ ਕੰਪਨੀ ਐਚ ਡੀ ਆਈ ਐਲ ਦੇ ਹਵਾਲੇ ਕਰ ਦਿੱਤੇ ਗਏ। ਇਸ ਕੰਪਨੀ ਨੇ 21 ਅਗਸਤ ਨੂੰ ਦੀਵਾਲੀਆ ਐਲਾਨੇ ਜਾਣ ਦੀ ਪਟੀਸ਼ਨ ਦਾਇਰ ਕੀਤੀ ਅਤੇ ਉਸ ਤੋਂ ਠੀਕ ਇੱਕ ਮਹੀਨੇ ਪਿੱਛੋਂ ਇੱਕ ਵ੍ਹਿਸਲ ਬਲੋਅਰ ਨੇ ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਸਾਹਮਣੇ ਭੇਤ ਖੋਲ੍ਹਿਆ ਕਿ ਬੈਂਕ ਵਿੱਚ ਰਕਮ ਦਾ ਸਫਾਇਆ ਹੋ ਚੁੱਕਾ ਹੈ। ਇੱਕ ਹਫਤੇ ਬਾਅਦ ਆਰ ਬੀ ਆਈ ਨੇ ਪੀ ਐਮ ਸੀ ਦੇ ਬੋਰਡ ਦੀ ਜਗ੍ਹਾ ਇਸ ਬੈਂਕ ਨੂੰ ਇੱਕ ਪ੍ਰਸ਼ਾਸਕ ਦੀ ਨਿਗਰਾਨੀ ਹੇਠ ਕਰ ਕੇ ਪੈਸਾ ਕੱਢਣ 'ਤੇ ਪਾਬੰਦੀ ਲਾ ਦਿੱਤੀ। ਫਿਰ ਛੋਟੇ ਜਮ੍ਹਾ ਕਰਤਾਵਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਦੀ ਉਮਰ ਭਰ ਦੀ ਕਮਾਈ ਚਲੀ ਗਈ ਹੈ। ਨਿਰਾਸ਼ਾ ਉਦੋਂ ਗੁੱਸੇ ਵਿੱਚ ਬਦਲ ਗਈ, ਜਦੋਂ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਬੈਂਕ ਦਾ ਚੇਅਰਮੈਨ ਵਰਿਆਮ ਸਿੰਘ ਐਚ ਡੀ ਆਈ ਐਲ ਅਤੇ ਡੀ ਐਚ ਐਫ ਐਲ ਦੇ ਪ੍ਰਮੋਟਰ ਵਧਾਵਨ ਪਰਵਾਰ ਦਾ ਪਰਵਾਰਕ ਮਿੱਤਰ ਹੈ ਅਤੇ ਕਈ ਸਾਲਾਂ ਤੱਕ ਇਨ੍ਹਾਂ ਦੋਵਾਂ ਕੰਪਨੀਆਂ ਦੇ ਬੋਰਡਾਂ 'ਚ ਵਰਿਆਮ ਸਿੰਘ ਨੇ ਸੇਵਾਵਾਂ ਦਿੱਤੀਆਂ ਹਨ। ਮੈਨੇਜਿੰਗ ਡਾਇਰੈਕਟਰ (ਐਮ ਡੀ) ਜੁਆਏ ਥਾਮਸ ਦੇ ਜੁਰਮ ਇਕਬਾਲ ਕਰਨ ਨਾਲ ਹੋਰ ਵੀ ਅਪਮਾਨਜ ਨਕ ਸਥਿਤੀ ਬਣ ਗਈ ਕਿਉਂਕਿ ਉਸ ਨੇ ਦਿਨ-ਦਿਹਾੜੇ ਕੀਤੀ ਉਸ 'ਡਕੈਤੀ' ਲਈ ਬੇਸ਼ਰਮੀ ਨਾਲ ਖੁਦ ਨੂੰ ਤੇ ਇੱਥੋਂ ਤੱਕ ਕਿ ਆਰ ਬੀਆਈ ਨੂੰ ਦੋਸ਼ ਦਿੱਤਾ।

ਚੰਗੀ ਖਬਰ ਇਹ ਹੈ ਕਿ ਪੀ ਐਮ ਸੀ ਦੀ ਲਗੱਭਗ 44 ਫੀਸਦੀ ਜਮ੍ਹਾ ਰਕਮ ਦੇ ਵਾਸਤੇ ਬੀਮਾ ਕੀਤਾ ਗਿਆ ਹੈ, ਜਦ ਕਿ ਬਾਕੀ 30-35 ਫੀਸਦੀ ਰਕਮ ਐਸ ਐਲ ਆਰ ਅਤੇ ਸੀ ਆਰ ਆਰ ਜਮ੍ਹਾ ਵਸਤਾਂ ਦੇ ਲਈ ਵਸੂਲੇ ਜਾ ਸਕਦੇ ਹਨ। ਇਸ ਦਾ ਮਤਲਬ ਇਹ ਹੈ ਕਿ 70-75 ਫੀਸਦੀ ਜਮ੍ਹਾ ਰਕਮ ਵਾਪਸ ਮਿਲ ਸਕਦੀ ਹੈ ਪਰ ਚੰਗੀ ਖਬਰ ਇਥੇ ਹੀ ਖਤਮ ਹੋ ਜਾਂਦੀ, ਕਿਉਂਕਿ ਸਾਰੀ ਕਾਨੂੰਨੀ ਪ੍ਰਕਿਰਿਆ ਪੂਰੀ ਹੋਣ 'ਚ ਵਰ੍ਹੇ ਲੱਗ ਸਕਦੇ ਹਨ।

ਕੋਆਪਰੇਟਿਵ ਬੈਂਕ ਇੱਕ ਉਚਿੱਤ ਬੈਕਿੰਗ ਪ੍ਰਣਾਲੀ ਦੀ ਘਾਟ ਦਾ ਇਤਿਹ-ਾਸਿਕ ਤੌਰ ਉੱਤੇ ਸਮਾਜਿਕ-ਸਿਆਸੀ ਜੁਆਬ ਸਨ। ਮਹਾਰਾਸ਼ਟਰ ਵਿੱਚ ਕੋਆਪਰੇਟਿਵ ਅੰਦੋਲਨ ਗੰਨਾ ਤੇ ਖੰਡ ਮਿੱਲਾਂ ਵਿੱਚ ਛਿੜਿਆ ਅਤੇ ਫਿਰ ਆਮ ਲੋਕਾਂ ਦੇ ਕਰਜ਼ਿਆਂ ਦੇ ਰੂਪ ਵਿੱਚ ਫੈਲ ਗਿਆ। ਗੁਜਰਾਤ ਵਿੱਚ ਅੰਦੋਲਨ ਦੁੱਧ ਨਾਲ ਸ਼ੁਰੂ ਹੋਇਆ ਅਤੇ ਫਿਰ ਇਸ ਦਾ ਨਤੀਜਾ ਕੋਆਪਰੇਟਿਵ ਬੈਂਕਾਂ ਦੇ ਰੂਪ ਵਿੱਚ ਨਿਕਲਿਆ। ਕੋਆਪਰੇਟਿਵ ਬੈਂਕਾਂ ਦਾ ਢਾਂਚਾ ਤਬਾਹੀ ਦਾ ਇੱਕ ਨੁਸਖਾ ਹੈ। ਜਮ੍ਹਾਂ ਕਰਤਾ ਸ਼ੇਅਰ ਧਾਰਕ ਅਤੇ ਸ਼ੇਅਰ ਧਾਰਕ ਹੀ ਜਮ੍ਹਾ ਕਰਤਾ ਹਨ। ਇਸ ਲਈ ਲੱਗਭਗ ਹਮੇਸ਼ਾ ਪ੍ਰਮੁੱਖ ਜਮ੍ਹਾ ਕਰਤਾ, ਸ਼ੇਅਰ ਧਾਰਕ ਅਤੇ ਕਰਜ਼ਦਾਰ ਇੱਕੋ ਗਰੁੱਪ ਵੋਂ ਹੁੰਦੇ ਹਨ। ਆਰ ਬੀ ਆਈ ਰਿਪੋਰਟਾਂ ਅਨੁਸਾਰ 1551 ਸ਼ਹਿਰੀ ਕੋਆਪਰੇਟਿਵ ਬੈਂਕ ਅਤੇ 96612 ਦਿਹਾਤੀ ਕੋਆਪਰੇਟਿਵ ਕਰਜ਼ਾ ਯੂਨਿਟਾਂ ਹਨ। ਦੇਸ਼ ਵਿੱਚ ਕੁਲ ਜਮ੍ਹਾ ਰਕਮ ਵਿੱਚ ਸ਼ਹਿਰੀ ਅਤੇ ਦਿਹਾਤੀ ਕੋਆਪਰੇਟਿਵ ਬੈਂਕਾਂ ਦੀ ਜਮ੍ਹਾ ਰਕਮ ਦੀ ਹਿੱਸੇਦਾਰੀ 4-4 ਫੀਸਦੀ ਹੈ।

ਕੋਆਪਰੇਟਿਵ ਬੈਂਕਾਂ ਦੀ 'ਮੌਤ ਦਰ' ਕਾਫੀ ਉਚੀ ਹੈ। ਹਰ ਸਾਲ ਔਸਤਤ ਲੱਗਭਗ 16 ਬੈਂਕ ਦੀਵਾਲੀਆ ਹੋ ਕੇ 'ਮਰ' ਜਾਂਦੇ ਹਨ। ਆਖਰੀ ਡਿੱਗਣ ਵਾਲਾ ਕੋਆਪਰੇਟਿਵ ਬੈਂਕ ਗੁਰਜਾਤ ਵਿੱਚ 'ਮਾਧਵਪੁਰਾ ਮਰਕੈਂਟਾਈਲ ਕੋਆਪ੍ਰੇਟਿਵ ਬੈਂਕ' ਸੀ, ਜਿਸ ਨੇ ਆਪਣੀ 90 ਫੀਸਦੀ ਜਮ੍ਹਾ ਰਕਮ ਦਲਾਲ ਕੇਤਨ ਪਾਰਿਖ ਨੂੰ ਉਧਾਰ ਦੇ ਦਿੱਤੀ ਸੀ, ਜੋ 2001 ਵਿੱਚ ਬਾਜ਼ਾਰ ਦੇ ਡੁੱਬਣ ਤੋਂ ਬਾਅਦ ਕੁਝ ਵੀ ਨਹੀਂ ਮੋੜ ਸਕਿਆ।

ਕੋਈ ਸਬਕ ਕਿਉਂ ਨਹੀਂ ਸਿੱਖੇ ਗਏ? 'ਕਿਉਂਕਿ ਕੋਆਪਰੇਟਿਵ ਬੈਂਕ ਆਮ ਤੌਰ ਉੱਤੇ ਸਥਾਨਕ ਹੁੰਦੇ ਹਨ ਅਤੇ ਉਨ੍ਹਾਂ ਦੇ ਜਮ੍ਹਾ ਕਰਤਾਵਾਂ ਦੀ ਪੀੜ ਸਿਆਸੀ ਸੂਈ ਨੂੰ ਨਹੀਂ ਹਿਲਾਉਂਦੀ ਅਤੇ ਨਾ ਇਹ ਆਰ ਬੀ ਆਈ ਨੂੰ ਇੱਕ ਨੁਕਤੇ ਤੋਂ ਅੱਗੇ ਚਿੰਤਤ ਕਰਦੀ ਹੈ। ਕੇਂਦਰੀ ਬੈਂਕ ਹਮੇਸ਼ਾ ਕੋਆਪਰੇਟਿਵ ਬੈਂਕਾਂ 'ਚ ਗੜਬੜ ਅਤੇ ਦੂਰ-ਦੁਰਾਡੇ ਸਥਾਪਿਤ ਇਨ੍ਹਾਂ ਦੀਆਂ ਛੋਟੀਆਂ ਇਕਾਈਆਂ ਸਟਾਫ ਦੀ ਅਸਮਰੱਥਾ ਨੂੰ ਲੈ ਕੇ ਚਿੰਤਤ ਰਹਿੰਦਾ ਹੈ। ਆਰ ਬੀ ਆਈ ਦੇ ਸਾਬਕਾ ਗਵਰਨਰ ਬਿਮਲ ਜਾਲਾਨ ਦੀ ਇੱਕ ਟਿੱਪਣੀ ਦਰਸਾਉਂਦੀ ਹੈ ਕਿ ਆਰ ਬੀ ਆਈ ਕੋਆਪਰੇਟਿਵ ਬੈਂਕਾਂ ਦੀ ਕਮਾਨ ਸੰਭਾਲਣ ਦਾ ਚਾਹਵਾਨ ਨਹੀਂ ਸੀ ਅਤੇ ਇਨ੍ਹਾਂ ਦੀ ਮੈਨੇਜਮੈਂਟ ਲਈ ਇੱਕ ਅੰਤਰ-ਕੋਆ-ਪਰੇਟਿਵ ਸੰਸਥਾ ਚਾਹੁੰਦਾ ਸੀ, ਪਰ ਆਰ ਬੀ ਆਈ ਵਲੋਂ ਇਸ ਬਾਰੇ ਕੀਤੀ ਬੇਨਤੀ ਨੂੰ ਕੇਂਦਰ ਸਰਕਾਰ ਨੇ ਠੁਕਰਾ ਦਿੱਤਾ ਸੀ।

ਵਾਈ ਬੀ ਰੈਡੀ ਦੇ ਤਹਿਤ ਆਰ ਬੀ ਆਈ ਨੇ ਸੂਬਾ ਸਰਕਾਰਾਂ ਦੇ ਅਧਿਕਾਰੀਆਂ ਅਤੇ ਕੋਆਪਰੇਟਿਵ ਫੈਡਰੇਸ਼ਨਾਂ ਦੇ ਮੈਂਬਰਾਂ 'ਤੇ ਆਧਾਰਿਤ ਇੱਕ ਕਮੇਟੀ ਕਾਇਮ ਕਰਨ ਲਈ ਕਈ ਸੂਬਾ ਸਰਕਾਰਾਂ ਨਾਲ ਸਹਿਮਤੀ ਪੱਤਰਾਂ 'ਤੇ ਦਸਤਖਤ ਕੀਤੇ ਸਨ ਤਾਂ ਕਿ ਸਖਤ ਨਿਯਮ ਬਣਾਏ ਜਾਣ ਅਤੇ ਜੋ ਵਿਹਾਰਕ ਨਹੀਂ ਹਨ, ਉਨ੍ਹਾਂ ਨੂੰ ਖਤਮ ਕੀਤਾ ਜਾਵੇ। ਇਸ ਮਾਮਲੇ ਵਿੱਚ ਪ੍ਰੋਗਰੈਸ ਨਹੀਂ ਹੋਈ ਅਤੇ ਸਮੱਸਿਆ ਨੂੰ ਭੁੱਲਾ ਦਿੱਤਾ ਗਿਆ ਕਿਉਂਕਿ ਇਹ ਵੱਖ-ਵੱਖ ਅਧਿਕਾਰੀਆਂ ਦੇ ਵਿਚਾਲੇ ਹੀ ਲਟਕਦੀ ਰਹਿ ਗਈ ਸੀ। ('ਲਾਈਵਮਿੰਟ' ਤੋਂ ਧੰਨਵਾਦ ਸਹਿਤ)




## ਭਾਰਤ ਨੇ ਕਿਹਾ, ਪਾਕਿ ਕਰਤਾਰਪੁਰ ਲਾਂਘੇ ਉੱਤੇ ਟੈਕਸ ਨਾ ਲਗਾਏ

ਨਵੀਂ ਦਿੱਲੀ, 18 ਅਕਤੂਬਰ (ਪੋਸਟ ਬਿਊਰੋ)- ਭਾਰਤ ਨੇ ਪਾਕਿਸਤਾਨ ਨੂੰ ਹਰ ਭਾਰਤੀ ਸ਼ਰਧਾਲੂ ਤੋਂ ਟੈਕਸ ਵਜੋਂ 20 ਡਾਲਰ ਨਾ ਵਸੂਲਣ ਨੂੰ ਕਿਹਾ ਹੈ। ਇਸ ਦੇ ਨਾਲ ਭਾਰਤ ਨੇ ਆਸ ਪ੍ਰਗਟਾਈ ਹੈ ਕਿ ਕਰਤਾਰਪੁਰ ਲਾਂਘਾ ਚਾਲੂ ਕਰਨ ਲਈ ਜਲਦੀ ਹੀ ਦੋਵਾਂ ਦੇਸ਼ਾਂ ਵਿੱਚ ਸਮਝੌਤੇ 'ਤੇ ਦਸਖਤ ਹੋ ਜਾਣਗੇ।

ਵਰਨਣ ਯੋਗ ਹੈ ਕਿ ਪਾਕਿਸਤਾਨ ਨੇ ਕਾਰੀਡੋਰ ਬਾਰੇ ਸਮਝੌਤੇ ਦਾ ਅੰਤਿਮ ਖਰੜਾ ਭਾਰਤ ਕੋਲ ਭੇਜਿਆ ਹੈ। ਇਸ ਮੁਤਾਬਕ ਹਰ ਭਾਰਤੀ ਤੀਰਥ ਯਾਤਰੀ ਤੋਂ 20 ਡਾਲਰ ਟੈਕਸ ਲਿਆ ਜਾਏਗਾ। ਭਾਰਤ ਇਸ ਤੋਂ ਪਹਿਲਾਂ ਇਹ ਗੱਲ ਰੱਦ ਕਰ ਚੁੱਕਾ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਨੇ ਕਿਹਾ ਕਿ ਕਰਤਾਰਪੁਰ ਕਾਰੀਡੋਰ 'ਤੇ ਕਈ ਦੌਰ ਦੀ ਬੈਠਕ ਹੋਈ ਹੈ। ਇਸ ਵਿੱਚ ਤੀਰਥ ਯਾਤਰੀਆਂ 'ਤੇ ਲੱਗੇ ਟੈਕਸ ਦੇ ਨਾਲ ਹੋਰ ਕਈ ਗੱਲਾਂ ਦੀ ਸਹਿਮਤੀ ਹੋ ਗਈ ਹੈ। ਉਨ੍ਹਾਂ ਕਿਹਾ ਕਿ ਪਾਕਿ-ਸਤਾਨ ਦੇ ਨਾਲ ਕਈ ਰਾਊਂਡ ਦੀ ਬੈਠਕ ਪਿੱਛੋਂ ਅਸੀਂ ਸਰਵਿਸ ਫੀਸ ਦੇ ਇਲਾਵਾ ਸਾਰੇ ਮੁੱਦਿਆਂ ਦੀ ਸਹਿਮਤੀ 'ਤੇ ਪਹੁੰਚ ਗਏ ਹਾਂ। ਪਾਕਿਸਤਾਨ 20 ਡਾਲਰ (1420 ਰੁਪਏ) ਸਰਵਿਸ ਚਾਰਜ 'ਤੇ ਅੜਿਆ ਹੋਇਆ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਨੇ ਪਾਕਿ-ਸਤਾਨ ਨੂੰ ਕਿਹਾ ਹੈ ਕਿ ਸ਼ਰਧਾਲੂਆਂ ਦੇ ਹਿੱਤ ਦੇਖਦੇ ਹੋਏ ਇਹ ਸਰਵਿਸ ਚਰਾਜ ਨਾ ਲਗਾਏ। ਇਸ ਦੇ ਨਾਲ ਕਾਰੀਡੋਰ ਖੋਲ੍ਹਿਆ ਜਾਣਾ ਲੋਕਾਂ ਨਾਲ ਲੋਕਾਂ ਦੇ ਵਿੱਚ ਪਹਿਲ ਹੈ। ਉਨ੍ਹਾਂ ਨੇ ਕਿਹਾ ਕਿ ਅਸੀਂ ਉਮੀਦ ਕਰਦੇ ਹਾਂ ਕਿ ਸਮਝੌਤਾ ਹੋ ਜਾਏਗਾ।

ਪਾਕਿਸਤਾਨ ਪ੍ਰਤੀ ਤੀਰਥ ਯਾਤਰੀ 20 ਡਾਲਰ ਸਰਵਿਸ ਚਾਰਜ ਲਾਉਣ 'ਤੇ ਜ਼ੋਰ ਦੇ ਰਿਹਾ ਹੈ। ਇਸ ਪਿੱਛੇ ਉਸ ਨੇ ਪਾਕਿਸਤਾਨ ਦੇ ਕਰਤਾਰਪੁਰ ਦੇ ਗੁਰਦੁਆਰਾ ਸਾਹਿਬ ਅਤੇ ਭਾਰਤ ਦੇ ਗੁਰਦਾਸਪੁਰ ਜ਼ਿਲੇ ਦੇ ਡੇਰਾ ਬਾਬਾ ਨਾਨਕ ਨੂੰ ਜੋੜਨ ਵਾਲੇ ਕਾਰੀਡੋਰ ਦੇ ਖਰਚ ਦਾ ਤਰਕ ਦਿੱਤਾ ਹੈ। ਸ਼ੁਰੂ ਦੀ ਯੋਜਨਾ ਮੁਤਾਬਕ ਦੋਵਾਂ ਦੇਸ਼ਾਂ ਨੇ ਨਵੰਬਰ ਦੇ ਸ਼ੁਰੂ ਵਿੱਚ ਹੀ ਸਮਝੌਤੇ 'ਤੇ ਦਸਖਤ ਕਰਨੇ ਸਨ ਤਾਂ ਕਿ ਗੁਰੂ ਨਾਨਕ ਦੀ 550ਵੇਂ ਗੁਰਪੁਰਬ ਮੌਕੇ 'ਤੇ ਇਸ ਨੂੰ ਖੋਲ੍ਹਿਆ ਜਾ ਸਕੇ।

## ਪਾਕਿ ਵਿੱਚ ਵਿਰੋਧੀਆਂ ਨੇ ਇਮਰਾਨ ਦੇ ਖਿਲਾਫ਼ ਮੋਰਚਾ ਖੋਲ੍ਹਿਆ

ਕਰਾਚੀ, 21 ਅਕਤੂਬਰ (ਪੋਸਟ ਬਿਊਰੋ)- ਅੰਤਰਰਾਸ਼ਟਰੀ ਪੱਧਰ ਉੱਤੇ ਅਣਗੌਲੇ ਰਹੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਅੱਜਕੱਲ੍ਹ ਆਪਣੇ ਦੇਸ਼ ਵਿਚ ਨਿੰਦਾ ਦੇ ਸ਼ਿਕਾਰ ਹੋ ਰਹੇ ਹਨ। ਕਸ਼ਮੀਰ ਵਿਚ ਅਸਫ਼ਲ ਰਹਿਣ ਪਿੱਛੋਂ ਪਾਕਿਸਤਾਨ ਵਿਚ ਵਿਰੋਧੀ ਦਲ ਇਮਰਾਨ ਖਾਨ ਨੂੰ ਘੇਰਨ ਦਾ ਮੌਕਾ ਨਹੀਂ ਖੁੰਝਣ ਦੇਣਾ ਚਾਹੁੰਦੇ।

ਇਸ ਸੰਬੰਧ ਵਿੱਚ ਪਾਕਿਸਤਾਨ ਤਹਿਰੀਕ ਏ ਇਨਸਾਫ਼ ਪਾਰਟੀ ਦੇ ਮੁਖੀ ਅਤੇ ਮੁੱਖ ਵਿਰੋਧੀ ਨੇਤਾ ਬਿਲਾਵਲ ਭੁੱਟੋ-ਜਰਦਾਰੀ ਨੇ ਕਿਹਾ ਹੈ ਕਿ ਇਮ-ਰਾਨ ਖ਼ਾਨ ਪ੍ਰਧਾਨ ਮੰਤਰੀ ਅਹੁਦੇ ਦੇ ਯੋਗ ਨਹੀਂ ਹਨ। ਉਨ੍ਹਾਂ ਦੀਆਂ ਨੀਤੀਆਂ ਤੋਂ ਪ੍ਰਸ਼ਾਸ਼ਨ ਦੇ ਸਾਰੇ ਵਰਗ ਨਾਖੁਸ਼ ਹਨ। ਉਨ੍ਹਾਂ ਨੇ ਕਿਹਾ ਕਿ ਹਰ ਕੋਈ ਇਸ ਕਠਪੁਤਲੀ ਸਰਕਾਰ ਤੋਂ ਤੰਗ ਆ ਚੁੱਕਾ ਹੈ। ਦੇਸ਼ ਵਿਚ ਹਰ ਰਾਜਨੀਤਕ ਦਲ, ਵਪਾਰੀ, ਅਧਿਆਪਕ, ਡਾਕਟਰ ਤੇ ਮੌਜੂਦਾ ਸਰਕਾਰ ਦੀਆਂ ਨੀਤੀਆਂ ਤੋਂ ਤੰਗ ਹਨ। ਬਿਲਾਵਲ ਨੇ ਕਿਹਾ ਕਿ ਸਰਕਾਰ ਨੂੰ ਸਹੀ ਦਿਸ਼ਾ ਵਿੱਚ ਚਲਾਉਣ ਲਈ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਯੋਗ ਨਹੀਂ ਹਨ, ਇਹੋ ਕਾਰਨ ਹੈ ਕਿ ਪਾਕਿਸਤਾਨ ਵਿਚ ਹਰ ਕੋਈ ਇਸ ਸਰਕਾਰ ਦੇ ਵਿਰੁੱਧ ਆਵਾਜ ਚੁੱਕ ਰਿਹਾ ਹੈ। ਬਿਲਾਵਲ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਨਿਸ਼ਚਿਤ ਤੌਰ ਉੱਤੇ ਸਰਕਾਰ ਦਾ ਵਿਰੋਧ ਕਰੇਗੀ ਅਤੇ ਉਹ ਲੋਕਤੰਤਰ ਬਚਾਉਣ ਲਈ ਕੁਝ ਕਰਨ ਨੂੰ ਤਿਆਰ ਹਾਂ। ਪਾਕਿਸਤਾਨ ਵਿਚ ਲੋਕਤੰਤਰ ਪਟੜੀ ਤੋਂ ਉੱਤਰ ਚੁੱਕਾ ਹੈ।



















# ਅਜੋਕੇ ਸੰਧਰਬ ਵਿਚ ਗੁਰੂ ਨਾਨਕ ਜੀ



-ਅਜੀਤ ਰੱਖੜਾ-
905 794 7882

ਅਜੋਕਾ ਸਮਾ ਸਾਇੰਟਫਿਕ ਯੁਗ ਦਾ ਸਮਾ ਹੈ। ਪਿਛਲੇ ਤਕਰੀਬਨ 200 ਸਾਲਾਂ ਵਿਚ ਸੰਸਾਰ ਇਸ ਕਦਰ ਬਦਲਿਆ ਹੈ ਕਿ ਇਸ ਦੀ ਮਿਸਾਲ ਹਜਾਰਾ ਸਾਲਾਂ ਦੇ ਇਤਹਾਸ ਵਿਚ ਕਿਤੇ ਨਹੀਂ ਮਿਲਦੀ। ਹਿੰਦੂ ਮਤ ਅਨੁਸਾਰ ਯੁਗ ਬਦਲਦੇ ਹਨ, ਜਿਸ ਅਨੁਸਾਰ ਹੁਣ ਤਕ ਤਿੰਨ ਵਾਰ ਯੁਗ ਬਦਲ ਚੁਕੇ ਹਨ। ਸਤਿਯੁਗ, ਦੁਆਪਰ ਅਤੇ ਤ੍ਰੇਤਾ।ਹੁਣਕਲਯੁਗ ਦਾ ਪਹਿਰਾ ਚਲ ਰਿਹਾ ਹੈ। ਕਲਯੁਗ ਦੀ ਉਮਰ 5000 ਸਾਲਾਂ ਤੋਂ ਵਧ ਹੋ ਚੁਕੀ ਹੈ। ਮਿਥ ਅਨੁਸਾਰ ਜਦ ਕ੍ਰਿਸ਼ਨ ਮਹਾਰਾਜ ਇਸ ਸੰਸਾਰ ਨੂੰ ਛੱਡਕੇ ਨਿਜਧਾਮ (ਸਵਰਗ ਲੋਕ)ਚਲੇ ਗਏ ਤਾਂ ਕਲਯੁਗ ਦਾ ਪਹਿਰਾ ਚਾਲੂ ਹੋ ਗਿਆ ਸੀ। ਹਿੰਦੂ ਜਾਣਕਾਰੀ ਅਨੁਸਾਰ ਇਹ ਮਿਤੀ 18 ਫਰਵਰੀ 3120 ਬੀਸੀ ( ਈਸਵੀ ਸੰਨ ਤੋਂ ਪਹਿਲਾਂ) ਦੀ ਅਧੀਰਾਤ ਅੰਕਤ ਕੀਤੀ ਗਈ ਹੈ। ਕਲਯੁਗ ਤੋਂ ਬਾਅਦ ਹਾਲਾ ਤਕ ਕੋਈ ਹੋਰ ਯੁਗ ਸਾਹਮਣੇ ਨਹੀਂ ਆਇਆ। ਜਾਣਕਾਰੀਆ ਦੀ ਗਲ ਕਰੀਏ ਤਾਂ 2025 ਤੋਂ ਅਗਲਾ ਯੁਗ ਚਾਲੂ ਹੋਣ ਵਾਲਾ ਹੈ। ਪਰਅਜਿਹੀਆ ਕਿਆਸ ਅਰਾਈਆਂ ਕਈ ਵਾਰ ਗਲਤ ਸਾਬਤ ਹੋ ਚੁਕੀਆ ਹਂਨ। ਲਗਦਾਇਵੇਂ ਹੈ ਕਿ ਇਹ 4 ਯੁਗਾਂ ਦੀ ਕਲਪਨਾ ਕਿਸੇ ਵਿਚਾਰਵਾਨ ਦੀ ਰਚੀਹੋਈ ਕੋਈ ਮਿਥ ਹੈ। ਕਿਓ ਕਿ ਅਸਲੀ ਜੀਵਨਦੀ ਜੋ ਰਫਤਾਰ ਰਹੀ ਹੈ ਉਹ ਬਹੁਤ ਬਹੁਤ ਮਧਮ ਜਾਂ ਧੀਮੀ ਰਹੀ ਹੈ। ਜੰਗਲਵਾਸ ਵਿਚ ਇਨਸਾਨ ਬਹੁਤ ਲੰਬਾ ਸਮਾ ਗੁਜ਼ਾਰ ਚੁਕਾ ਹੈ। ਹਜਾਰਾ ਸਾਲਾਂ ਦੀ ਤਵਾਰੀਖ, ਜੰਗਲਵਾਸ ਦੀ ਦਾਸਤਾਂ ਹੈ। ਬਹੁਤਾ ਦੂਰ ਜਾਣ ਦੀ ਲੋੜ ਨਹੀਂ, ਅਜ ਦੀ ਪੀਹੜੀ ਦੇ ਬਜ਼ੁਰਗ ਲੋਕਾਂ ਦਾ ਜੀਵਨ, ਬਚਪਨ ਸਮੇ, ਜੰਗਲੀ ਜੀਵਨ ਤੋਂ ਥੋਹੜਾ ਜਿਹਾ ਹੀ ਉਚਾ ਹੁੰਦਾ ਸੀ।ਜੰਗਲੀ ਕਬੀਲੇ ਜੰਗਲਾਂ ਵਿਚੋਂ ਨਿਕਲਕੇ ਮੈਦਾਨਾ ਵਿਚ ਆ ਵਸੇ, ਪਿੰਡ ਬਣਾਕੇ ਰਹਿਣ ਲਗ ਪਏ,ਤਾਂ ਜੋ ਜੰਗਲੀ ਖੂੰਹ ਖਾਰ ਜਾਨਵਰਾਂ ਤੋਂ ਨਿਜਾਤ ਪਾਈ ਜਾ ਸਕੇ। ਵਰਨਾ ਨਿਤ ਦਿਨ ਦਾ ਕਾਰੋਬਾਰ ਜੰਗਲੀ ਹੀ ਰਿਹਾ ਸੀ। ਨਾ ਕੋਈ ਪੜ੍ਹਦਾ ਸੀ ਅਤੇ ਨਾ ਕਿਸੇ ਨੂੰ ਪੜ੍ਹਨ ਦਿਤਾ ਜਾਂਦਾ ਸੀ। ਉਸ ਵੇਲੇ,ਕੇਵਲ ਖਾਣਪੀਣ ਦਾ ਆਹਰ ਕਰਨ ਵਿਚ ਹੀ ਸਮਾ ਗੁਜ਼ਰਦਾ ਸੀ। ਜੰਗਲਾਂ ਵਿਚ ਸ਼ਿਕਾਰ ਕਰਨਾ ਹੀ ਲੋਕਾਂ ਦਾ ਵਡਾ ਕਿਤਾ ਸੀ ਅਤੇ ਫਿਰ ਪਿੰਡਾ ਵਿਚ ਇਸਦੇ ਨਾਲ ਨਾਲ ਖੇਤੀ ਬਾੜੀ ਦਾ ਕੰਮ ਚਾਲੂ ਹੋ ਗਿਆ ਜੋ ਤਕਰੀਬਨ 60, 70 ਸਾਲ ਪਹਿਲਾਂ ਤਕ ਨਿਰੰਤਰ ਚਲਦਾ ਰਿਹਾ ਹੈ।ਕਹਿ ਸਕਦੇ ਹਾਂ ਕਿਦੂਸਰੇ ਵਿਸ਼ਵਯੁਧ ਮਗਰੋਂ ਆਏ ਇੰਡਟਰੀਅਲ ਯੁਗ ਨਾਲ ਕਿੱਤੇ ਅਤੇ ਕਾਰੋਬਾਰ ਬਦਲੇ ਹਨ।ਆਮ ਲੋਕਾਂ ਦਾ ਧਿਆਨ ਖਾਣਪੀਣ ਦੇ ਆਹਰ ਤੋਂ ਬਿਨਾ ਸੰਪਤੀ ਬਣਾਉਣ ਅਤੇ ਸੁਖ ਸੁਵੀਧਾਵਾਂ ਵਧਾਉਣ ਵਲ ਰੁਚਿਤ ਹੋਇਆ ਹੈ।ਪੁਰਾਤਨ ਸਭਿਆਤਾਵਾਂ ਦੀ ਗਲ ਕਰੀਏ ਤਾਂ ਸਮਝ ਲਗਦੀ ਹੈ ਕਿ ਇਹ ਸਭਿਆਤਾਵਾਂ ਕੇਵਲ ਕੁਝ ਵਰਗਾਂ ਤਕ ਹੀ ਸੀਮਤ ਸਨ ਜਿਨ੍ਹਾ ਨੂੰ ਰਾਜੇ ਮਹਾਂਰਾਜਿਆਂ ਦੀਆ ਸਭਿਆਤਾਵਾਂ ਕਿਹਾ ਜਾਂਦਾ ਸੀ।ਉਨ੍ਹਾ ਦੇ ਸ਼ਹਿਰਾ ਜਾਂ ਕਿਲਿਆ ਵਿਚ ਵਿਕਾਸ ਚਲਦਾ ਸੀ ਪਰ ਉਨ੍ਹਾ ਤੋਂ ਬਾਹਰ ਦਾ ਜਨਜੀਵਨ ਜੰਗਲੀ ਹੀ ਸੀ। ਜੰਗਲੀ ਜੀਵਨ ਸਮੇ ਵੀ ਅਤੇ ਉਸਤੋਂ ਬਾਅਦ ਵੀ ਇਨਸਾਨੀ ਬੌਧਿਕਤਾ ਦਾ ਗ੍ਰਾਫਉਚੇ ਤੋਂ ਉਚਾ ਹੁੰਦਾ ਆ ਰਿਹਾ ਹੈ। ਹਰ ਯੁਗ ਵਿਚ ਕੋਈ ਨਾ ਕੋਈ ਰਹਿਬਰ ਸੰਸਾਰ ਮੰਚ ਉਪਰ ਉਦੇ ਹੋਇਆ, ਜਿਸਨੇ ਬੌਧਿਕਤਾ ਦੇ ਨਵੇਂ ਦਿਸਹੱਦੇ ਸਥਾਪਤ ਕੀਤੇ। ਅਜੋਕੇ ਧਰਮਾ ਦੇ ਮੁਢਲੇ ਰਹਿਨੁਮਾ ਜਿਨ੍ਹਾ ਨੇ ਧਰਮਾ ਨੂੰ ਜਨਮ ਦਿਤਾ ਸੀ ਉਹ ਬੌਧਿਕਤਾ ਦੇ ਮੀਲ ਪੱਥਰ ਕਹਾਏ। ਉਨ੍ਹਾ ਨੇ ਆਪਣੇ ਸਮੇ, ਸਮਾਜ ਨੂੰ ਕੁਝ ਅਜਿਹਾ ਦਿਤਾ ਜਿਸ ਨਾਲ ਲੋਕਾਂ ਵਿਚ ਇਕ ਨਵੀਂ ਜਾਗਰਤੀ ਆਈ ਅਤੇ ਆਮ ਲੋਕ ਉਨ੍ਹਾ ਦੇ ਅਨੁਆਈ ਬਣ ਗਏ। ਅਜਿਹੇ ਰਹਿਬਰਾਂ ਵਿਚੋਂ ਗੁਰੂ ਨਾਨਕ ਜੀ ਇਕ ਐਸੇ ਮਹਾਨ ਪੁਰਖ ਹੋਏ ਹਨ ਜਿਨ੍ਹਾ ਨੇ ਆਪਣੇ ਸਮਕਾਲੀ ਲੋਕਾਂ ਨੂੰ ਆਪਣੀ ਬੌਧਿਕਤਾ ਨਾਲ ਚਕਾ ਚੌਂਦ ਕਰ ਦਿਤਾ ਸੀ। ਹਿੰਦੂ ਅਤੇ ਮੁਸਲਿਮ ਧਰਮਾ ਵਿਚ ਜੋ ਘਾਟਾਂ ਆ ਗਈਆ ਸਨ, ਉਨ੍ਹਾ ਉਪਰ ਉਂਗਲ ਰਖੀ ਅਤੇ ਉਨ੍ਹਾ ਦੇ ਅਨੁਆਈਆਂ ਨੂੰ ਸਮਝਾਇਆ ਕਿ ਅਸੀਂ ਕਿਥੇ ਗਲਤ ਹਾਂ। ਫਲਸਰੂਪ ਗੁਰੂ ਨਾਨਕ ਦੀ ਵਿਚਾਰ ਧਾਰਾ ਨੇ ਇਕ ਨਵੇਂ ਨਕੋਰ ਧਰਮ ਨੂੰ ਜਨਮ ਦੇ ਦਿਤਾ ਜਿਸਦਾ ਨਾਮ ਸਿੱਖ ਧਰਮ ਪ੍ਰਚਲਤ ਹੋਇਆ। ਸਿੱਖ ਧਰਮ ਦਾ ਮੂਲ ਹਿੰਦੂ ਅਤੇ ਮੁਸਲਿਮ ਧਰਮਾ ਵਿਚ ਗਿਣਿਆ ਜਾਂਦਾ ਹੈ। ਇਸੇ ਲਈ ਦੋਨਾਂ ਧਰਮਾ ਵਾਲੇ ਨਾਨਕ ਨੂੰ ਆਪਣਾ ਰਹਿਬਰ ਮੰਨਦੇ ਹਨ।ਗੁਰੂ ਨਾਨਕ ਦੀ ਫਿਲਾਸਫੀ ਵਹਿਮਾ ਭਰਮਾ ਦਾ ਖੰਡਨ ਕਰਦੀ ਹੈ, ਜਾਦੂਈ ਕੌਤਕਾ ਦਾ ਖੰਡਨ ਕਰਦੀ ਹੈ ਅਤੇ ਗ੍ਰਿਹਸਥ ਜੀਵਨ ਨੂੰ ਇਕੋ ਇਕ ਨਰੋਇਆ ਅਤੇ ਸਕਾਰਆਤਮਿਕ ਜੀਵਨ ਦਸਦੀ ਹੈ। ਸਮਾਜ ਵਿਚ ਊਚਨੀਚ ਅਤੇ ਅਮੀਰ ਗਰੀਬ ਦੀਆ ਬਣਾਈਆ ਦੀਵਾਰਾ ਤੋੜਦੀ ਹੈ। ਪ੍ਰਮਾਤਮਾ ਦੀ ਸ਼ਕਤੀ ਨੂੰ ਪਹਿਚਾਣਕੇ ਅਤੇ ਉਸਨੂੰ ਹਾਜਰਨਾਜਰ ਸਮਝਕੇ ਜੀਵਨ ਜਿਓਣਾ ਇਕ ਭਗਤੀ ਹੋ ਨਿਬੜਦਾ ਹੈ।ਬਾਬੇ ਨਾਨਕ ਨੇ ਅਜਿਹੇ ਜੀਵਨ ਨੂੰ ਹੀ ਮੋਖਸ਼ ਕਰਾਰਦੇ ਦਿਤਾ ਸੀ। ਗੁਰੂ ਸਾਹਿਬ ਆਪਣੀ ਇਸ ਲੱਭਤ ਨਾਲ ਐਡੇ ਉਤਸ਼ਾਹਤ ਸਨ ਕਿ ਫਿਰ ਉਹ ਜੀਵਨ ਦੇ 40 ਸਾਲ ਟਿਕਕੇ ਨਾ ਬੈਠ ਸਕੇ। ਜਾਣਕਾਰੀਆ ਅਨੁਸਾਰ ਗੁਰੂ ਸਾਹਿਬ ਨੇ 5 ਵਡੀਆ ਯਾਤਰਾਵਾਂ ਕੀਤੀਆਂ ਅਤੇ 28000 ਕਿਲੋਮੀਟਰ ਤੋਂ ਵਧ ਲੰਬਾ ਸਫਰ ਕੀਤਾ। ਇਸ ਤਰ੍ਹਾ ਗੁਰੂ ਸਾਹਿਬ ਦੁਨੀਆ ਦੇ ਬਹੁਤ ਲੰਬੀਆ ਯਾਤਰਾਵਾਂ ਕਰਨ ਵਾਲੇ ਦੂਸਰੇ ਨੰਬਰ ਦੇ ਯਾਤਰੂ ਹੋ ਨਿਬੜੇ ਹਨ। ਪਹਿਲੇ ਨੰਬਰ ਉਪਰ ਮਰਾਕੋ ਦਾ ਇਬਨ ਬਟੂਟਾ ਸੀ ਜਿਸਨੇ ਆਪਣੇ ਜੀਵਨ ਵਿਚ 75000 ਮੀਲ ਦਾ ਸਫਰ ਕੀਤਾ ਸੀ। ਦੋਨਾਂ ਦੇ ਮਨੋਰਥ ਵਿਚ ਬਹੁਤ ਵਡਾ ਫਰਕ ਸੀ। ਬਟੂਟਾ ਨੇ ਆਪਣਾ ਸ਼ੌਕ ਪੂਰਾ ਕਰਨ ਖਾਤਰ (ਮੱਕਾ ਮਦੀਨਾ ਦਾ ਹੱਜ) ਸਫਰ ਕੀਤਾ ਪਰ ਗੁਰੂ ਨਾਨਕ ਨੇ ਲੋਕਾਂ ਵਿਚ ਜਾਗਰਿਤੀ ਪੈਦਾ ਕਰਨ ਖਾਤਰ! ਗੁਰੂ ਨਾਨਕ ਜੀ ਨੇ ਦੇਸ਼ ਦਸ਼ੰਤਰਾ ਦਾ ਭਰਮਣ ਕਰਕੇ, ਖਲਕਤ ਨੂੰ ਇਕੋ ਗਲ ਸਮਝਾਈ ਕਿ ਪ੍ਰਮਾਤਮਾ ਇਕ ਹੈ। ਉਸੇ ਦਾ ਰਚਿਆ ਸਮੂਹ ਸੰਸਾਰ ਹੈ। ਉਸਦੇ ਆਦਿ ਅੰਤ ਦਾ ਕੋਈ ਥਹੁ ਪਤਾ ਨਹੀਂ। ਉਸ ਵਰਗਾ ਕੇਵਲ ਉਹ ਆਪਹੀ ਹੈ। ਨਾ ਉਹ ਕਦੇ ਜੰਮਿਆ ਸੀ ਅਤੇ ਨਾ ਹੀ ਉਸ ਕਦੇ ਮਰਨਾ ਹੈ। ਜੀਵਾਂ ਤੋਂ ਉਸਦੀ ਦੁਨੀਆਦਾਰੀ ਬਿਲਕੁਲ ਅਲੱਗ ਹੈ, ਸਗੋਂਬਹੁਤ ਅਲੱਗ ਹੈ।ਉਸਨੂੰ ਅਸੀਂ ਬੰਦਿਆ ਦੀ ਤਰ੍ਹਾ ਤਸੱਵਰ ਨਹੀਂ ਕਰ ਸਕਦੇ। ਉਹ ਨਾ ਕਿਸੇ ਦਾ ਮੰਦਾ ਕਰਦਾ ਹੈ ਅਤੇ ਨਾ ਕਦੇ ਕਿਸੇ ਨੂੰ ਸਜ਼ਾ ਦੇਂਦਾ ਹੈ। ਉਸਦੀ ਲੀਲਾ ਬਾਰੇ ਕੁਝ ਜਾਣ ਸਕਣਾ ਕਿਸੇ ਦੇ ਵਸ ਦਾ ਰੋਗ ਨਹੀ ਅਤੇ ਨਾ ਹੀ ਕੋਸ਼ਿਸ਼ ਕਰਨੀ ਚਾਈਏ। ਜੋ ਚਾਹੀਏ ਉਹ ਕੇਵਲ ਇਹ ਕਿ ਉਸਦੀ ਲੀਲਾ ਨਾਲ ਨਿਹਾਲ ਅਤੇ ਅਨੰਦਤ ਹੋਇਆ ਜਾਵੇ। ਜੋ ਵੀ ਹੋ ਰਿਹਾ ਹੈ ਉਸਦੇ ਸਾਖਸ਼ੀ ਬਣਕੇ ਸਦਾ ਅਨੰਦ ਵਿਭੋਰ ਹੋਇਆ ਜਾਵੇ।ਜੀਵਨ ਦੇ ਤਿੰਨ ਉਦੇਸ਼ ਉਨ੍ਹਾ ਦਸੇ। ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ।ਨਾ ਜੰਗਲਾਂ ਵਿਚ ਜਾਵੋ, ਨਾ ਤਪਸਿਆ ਕਰੋ ਅਤੇ ਨਾ ਹੀ ਤੀਰਥ ਯਾਤਰਾਵਾ ਰਾਹੀ ਕੁਝ ਪਰਾਪਤੀ ਦੇ ਸੁਪਨੇ ਵੇਖੋ। ਗ੍ਰਿਹਸਥ ਵਿਚ ਰਹਿਕੇ ਦਸੇ ਤਿੰਨਾ ਉਦੇਸ਼ਾ ਅਨੁਸਾਰ ਜੀਵਨ ਜੀਓਣਾ ਹੀ ਸਹੀ ਅਤੇ ਸਾਰਥਿਕ ਜੀਵਨ ਹੈ।

ਗੁਰੂ ਸਾਹਿਬ ਅਪਣੇ ਅਕੀਦੇ ਬਾਰੇ ਬਹੁਤ ਸਾਫ ਅਤੇ ਈਮਾਨਦਾਰ ਸਨ। ਆਪਣੇ ਸਮਕਾਲੀ ਭਗਤਾਂ ਦੀ ਤਰ੍ਹਾ ਉਨ੍ਹਾ ਭਗਤੀ ਭਾਵ ਵਾਲਾ ਜੀਵਨ ਨਹੀਂ ਜੀਆ ਸਗੋ ਦਰਿੜ ਕੀਤਾ ਕਿ ਆਪਣੀ ਇਸ ਫਿਲਾਸਫੀ ਨੂੰ ਚਲਦਾ ਰਖਣਾ ਹੈ, ਮਰਨ ਨਹੀਂ ਦੇਣਾ। ਇਕ ਸੰਸਥਾ ਬਣਾਈ, ਟਕਸਾਲ ਬਣਾਈ ਅਤੇ ਆਪਣੀ ਸੰਪਰਦਾਏ ਦੀ, ਬਾਕਾਇਦਾ ਉਨ੍ਹਾ ਗਦੀ ਨਸ਼ੀਨੀ ਕੀਤੀ। ਆਪਣੇ ਇਕ ਅਨਿਨ ਭਗਤ ਲਹਿਣਾ ਜੀ ਨੂੰ ਅੰਗਦ ਕਹਿਕੇ ਆਪਣਾ ਜਾਨਸ਼ੀਨ ਥਾਪਿਆ। ਆਪਣੀ ਲਿਖੀ ਬਾਣੀ ਨੂੰ ਇਕ ਪੋਥੀ ਦੀ ਸ਼ਕਲ ਦੇਕੇ, ਗੁਰੂ ਅੰਗਦ ਜੀ ਨੂੰ ਸੌਂਪਿਆ। ਇਹ ਰੀਤ ਪੰਜਵੇਂ ਗੁਰੂ ਅਰਜਨ ਦੇਵ ਜੀ ਤਕ ਚਲਦੀ ਰਹੀ। ਹਰ ਗੁਰੂ ਨੇ ਆਪਣੇ ਸਮੇ ਰਚੀ ਬਾਣੀ ਨੂੰ ਉਸ ਪੋਥੀ ਵਿਚ ਦਰਜ ਕੀਤਾ ਅਤੇ ਅਗਲੇ ਗੁਰੂ ਨੂੰ ਸੌਂਪਿਆ। ਦਸਿਆ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਕੇਵਲ ਗੁਰੂ ਗ੍ਰੰਥ ਸਾਹਿਬ ਖਾਤਰ ਹੀ ਬਾਣੀ ਨਹੀਰਚੀ ਸਗੋਂ ਹੋਰ ਬਹੁਤ ਸਾਰੇ ਵਿਸ਼ਿਆ ਉਪਰ ਵੀ ਲਿਖਿਆ। ਅਜਿਹੀ ਇਕ ਕਿਤਾਬ ਦਾ ਨਾਮ ਪਰਾਣ ਸੰਗਲੀ ਹੈ, ਜੋ ਯੋਗ ਵਿਦਿਆ ਉਪਰ ਗਿਆਨ ਦੇਂਦੀ ਹੈ।ਸਿੱਖਾ ਕੋਲ ਸਿਵਾਏ ਗੁਰੂ ਗ੍ਰੰਥ ਸਾਹਿਬ ਦੇ ਬਾਕੀ ਰਚਾਨਾਵਾ ਦਾ ਕੋਈ ਰੀਕਾਰਡ ਉਪਲੱਭਤ ਨਹੀਂ ਹੈ।

ਇਕ ਤੱਥ ਤਵਾਰੀਖੀ ਤੌਰ ਉਪਰ ਸਾਬਤ ਹੋ ਜਾਂਦਾ ਹੈ ਕਿ ਧਾਰਮਕ ਜਾਂ ਸਮਾਜਕ ਮਹਾਂਪੁਰਖਾ ਦੇ ਵਿਰੋਧੀ ਬਹੁਤ ਪੈਦਾ ਹੋ ਜਾਂਦੇ ਹਨ। ਕਾਰਣ ਸਾਫ ਅਤੇ ਸਪੱਸ਼ਟ ਇਹ ਹੁੰਦਾ ਹੈ ਕਿ ਮਹਾਂਪੁਰਖ ਆਪਣੇ ਅਕੀਦੇ ਨਾਲ ਬਹੁਤ ਧੜੱਲੇ ਨਾਲ ਸਮੱਰਪਤ ਹੋ ਜਾਂਦੇ ਹਨ। ਉਨ੍ਹਾ ਦੀ ਨਵੀਂ ਸੋਚ ਆਮ ਲੋਕਾਂ ਦੇ ਖਾਨੇ ਨਹੀਂ ਪੈਂਦੀ। ਫਲਸਰੂਪ ਲੋਕ ਆਪਣੇ ਪੱਕ ਚੁਕੇ ਸੰਸਕਾਰਾ ਉਪਰ ਕਿੰਤੂ ਕਰਨ ਵਾਲੇ ਦੇ ਪੇਸ਼ ਪੈ ਜਾਂਦੇ ਹਨ। ਹਿੰਦੂ, ਮੁਸਲਿਮ ਅਤੇ ਈਸਾਈ ਧਰਮਾ ਦੇ ਪਿਛੋਕੜ ਨੂੰ ਫਰੋਲੀਏ ਤਾਂ ਇਹੀ ਸਚ ਸਾਹਮਣੇ ਆਉਂਦਾ ਹੈ। ਮਿਸਾਲਵਜੋਂ ਵਿਚਾਰਵਾਨ ਮਨਸੂਰ ਅਤੇ ਈਸਾ (ਕਾਰਈਸਟ) ਦਾ ਅੰਤ ਬੜਾ ਭਿਆਨਕ ਹੋਇਆ ਸੀ, ਸਭ ਜਾਣਦੇ ਹਨ। ਗੁਰੂ ਨਾਨਕ ਸਾਹਿਬ ਵੀ ਵਖਰੇ ਨਹੀਂ ਸਨ। ਉਨ੍ਹਾ ਦੇ ਸਮਕਾਲੀ ਉਨ੍ਹਾ ਨੂੰ ਕੁਰਾਹੀਆ ਆਖਦੇ ਸਨ। ਪਿਤਾ ਨੇ ਬਚਪਨ ਵਿਚ ਹੀ ਚਪੇੜਾ ਮਾਰੀਆ ਸਨ ਅਤੇ ਕੁਲ ਜੀਵਨ ਉਨ੍ਹਾ ਦੇ ਰਵਈਏ ਤੋਂ ਉਦਾਸ ਰਹੇ ਸਨ। ਭਾਵੇ ਗੁਰੂ ਜੀ ਦੇ ਆਪਣੇ ਬੱਚੇ (ਸ੍ਰੀ ਚੰਦ ਅਤੇ ਲਖਮੀਦਾਸ) ਵੀ ਰੂਹਾਨੀਅਤ ਵਿਚ ਲਗਨ ਰਖਦੇ ਸਨ, ਪਰ ਆਪਣੇ ਰਹਿਬਰ ਪਿਤਾ ਦੀ ਵਿਚਾਰਾ ਧਾਰਾ ਨਾਲ ਸਹਿਮਤ ਨਾ ਹੋ ਪਾਏ। ਉਨ੍ਹਾ ਆਪਣੇ ਵਖ ਰਸਤੇ ਚੁਣੇ ਸਨ।

ਪੁਰਾਤਨ ਸਮਿਆ ਵਿਚ ਕੋਈ ਸੰਪਰਦਾਏ ਚਲਦੀ ਸੀ ਤਾਂ ਉਸਦੇ ਮੰਨਣ ਵਾਲੇ ਇਕ ਧਰਮ ਦੇ ਝੰਡੇ ਤਲੇ ਜੁੜ ਜਾਂਦੇ ਸਨ। ਉਸ ਅਸਥਾਨ ਨੂੰ ਡੇਰਾ ਕਿਹਾ ਜਾਂਦਾ ਸੀ। ਇਹ ਕੁਝ ਅਜ ਵੀ ਉਸੇ ਤਰਜ ਉਪਰ ਚਲ ਰਿਹਾ ਹੈ। ਅਨੇਕਾਂ ਡੇਰੇ ਅਜ ਵੀ ਆਬਾਦ ਹਨ। ਪਰ ਅਜੋਕੇ ਮੀਡੀਆ ਨੇ 'ਡੇਰਾ' ਸ਼ਬਦ ਨੂੰ ਬਹੁਤ ਬਦਨਾਮ ਕਰ ਦਿਤਾ ਹੈ।



ਡੇਰੇ ਨੂੰ ਡੰਮ ਕਹਿਕੇ ਇਸ ਸ਼ਬਦ ਦੀ ਮਹਿਮਾ ਨੂੰ ਮੈਲਾ ਕੀਤਾ ਹੈ। ਵਰਨਾ ਗੁਰੂ ਨਾਨਕ ਜੀ ਦਾ ਡੇਰਾ 9 ਪਾਤਸ਼ਾਹੀਆਂ ਤਕ ਕਾਇਮ ਰਿਹਾ ਸੀ। ਪਹਿਲੋਂ ਡੇਰਾ ਬਾਬਾ ਨਾਨਕ (ਗੁਰਦਾਸ ਪੁਰ), ਫਿਰ ਕਰਤਾਰਪੁਰ (ਪਾਕਿਸਤਾਨ), ਉਸਤੋਂ ਬਾਅਦ ਗੋਇੰਦਵਾਲ ਸਾਹਿਬ, ਖਡੂਰ ਸਾਹਿਬ, ਰਾਮਦਾਸ ਪੁਰ (ਅਮ੍ਰਿਤਸਰ) ਅਤੇ ਆਖਿਰ ਵਿਚ ਕੀਰਤਪੁਰ ਸਾਹਿਬ ਅਤੇ ਅਨੰਦਪੁਰ ਸਾਹਿਬ।ਗੁਰੂ ਗੋਬਿੰਦ ਸਿੰਘ ਜੀ ਦਾ ਡੇਰਾ ਕੁਝ ਦੇਰ ਲਈ ਪਓਂਟਾ ਸਾਹਿਬ ਵੀ ਰਿਹਾ ਸੀ। ਆਖਰੀ ਡੇਰਾ ਨਦੇੜ- ਦਖਣ ਵਿਚ ਸੀ। ਜੇਕਰ ਅਜੋਕੇ ਸਮੇ ਦੇ ਡੇਰੇਦਾਰਾਂ ਦੀ ਗਲ ਕਰੀਏ ਤਾਂ ਉਨ੍ਹਾ ਦੀ ਸੰਪਤੀ ਉਪਰ ਬੜੇ ਚਰਚੇ ਚਲਦੇ ਹਨ। ਈਰਖਾਵਸ, ਮੀਡੀਆ ਵਿਚ ਡੇਰੇਦਾਰਾ ਦੇ ਝਗੜੇ ਉਛਾਲੇ ਜਾਂਦੇ ਹਨ। ਕਰੋੜਾ ਵਿਚ ਧੰਨ ਰਾਸ਼ੀ ਅਤੇ ਗਹਿਣੇ ਗੱਟੇ ਦਾ ਰੌਲਾ ਪੈਂਦਾ ਹੈ।ਪਰ ਇਹ ਕੁਝ ਪੁਰਾਤਨ ਸਮੇ ਸਾਡੇ ਸਿੱਖੀ ਡੇਰਿਆ ਵਿਚ ਵੀ ਵਾਪਰਦਾ ਰਿਹਾ ਹੈ। ਮਾਇਕ ਝਗੜਿਆਂ ਕਾਰਣ ਹੀ ਡੇਰੇ ਬਦਲੇ ਜਾਂਦੇ ਰਹੇ ਸਨ। ਬਾਬੇ ਨਾਨਕ ਨੇ ਆਪਣੀਆ ਉਦਾਸੀਆ ਸਮੇ ਭੇਟਾ ਅਤੇ ਨਜ਼ਰਾਨਿਆ ਰਾਹੀ ਕਾਫੀ ਧੰਨਰਾਸ਼ੀ ਜਮਾਹ ਕੀਤੀ ਸੀ। ਇਹ ਸਭ ਮਾਇਆ ਦੱਖਣ ਵਿਚ ਹਜੂਰ ਸਾਹਿਬ ਦੇ ਨਜ਼ਦੀਕ ਇਕ ਸੁਰਖਿਅਤ ਜਗਾਹ ਖਜਾਨੇ ਵਿਚ ਰੱਖੀ ਗਈ ਸੀ। ਇਹ ਜਗਾਹ ਗੁਰੂ ਗੋਬਿੰਦ ਸਾਹਿਬ ਸਮੇ ਮਾਲਟੇਕੜੀ ਦੇ ਨਾਮ ਨਾਲ ਜਾਣੀ ਗਈ। ਉਸੇ ਇਲਾਕੇ ਵਿਚ ਨਾਨਕ ਝੀਰਾ ਨਾਮ ਦਾ ਗੁਰਦੁਆਰਾ ਵੀ ਸਸ਼ੋਭਤ ਹੈ ਜਿਥੇ ਗੁਰੂ ਨਾਨਕ ਸਾਹਿਬ ਕੁਝ ਸਮਾ ਰਹੇ ਸਨ। ਜਦ ਗੁਰੂ ਗੋਬਿੰਦ ਸਿੰਘ ਸਾਹਿਬ ਕੋਲੋਂ ਸਿੱਖਾ ਨੇ ਆਪਣੇ ਗੁਜ਼ਾਰੇ ਲਈ ਤਨਖਾਹਾਂ ਮੰਗੀਆਂ ਸਨ ਤਾਂ ਗੁਰੂ ਸਾਹਿਬ ਨੇ ਉਸ ਮਾਲ ਟੇਕੜੀ ਦੇ ਖਜ਼ਾਨੇ ਵਿਚੋਂ ਆਪਣੀ ਢਾਲ ਭਰ ਭਰਕੇ ਸਿੱਖਾ ਵਿਚ ਵੰਡੀ ਸੀ। ਗੁਰੂ ਸਾਹਿਬ ਕਿਓ ਕਿ ਬਾਬੇ ਨਾਨਕ ਦੀ ਗੁਰਗੱਦੀ ਦੇ ਜਾਇਜ਼ ਵਾਰਸ ਸਨ, ਇਸ ਲਈ ਔਖੇ ਸਮੇ ਉਸ ਖਜ਼ਾਨੇ ਨੂੰ ਵਰਤ ਲਿਆ ਗਿਆ ਸੀ।

ਬਾਬੇ ਨਾਨਕ ਦੇ ਜੀਵਨ ਬਾਰੇ ਅਜ ਦੇ ਸਮੇ ਪ੍ਰਚਲਤ ਇਨਫਰਮੇਸ਼ਨ ਸੋਰਸ (ਗੂਗਲ ਸਰਚ) ਉਪਰ ਖੋਜ ਕੀਤੀ ਜਾਵੇ ਤਾਂ ਬੜੀ ਉਦਾਸੀ ਹੁੰਦੀ ਹੈ। ਕੁਝ ਵੀ ਸਾਫ ਨਹੀਂ ਲਭਦਾ। ਪੁਰਾਤਨਸਮਿਆ ਵਿਚ 4 ਉਦਾਸੀਆ ਮੰਨੀਆ ਗਈਆ ਸਨ ਪਰ ਹੁਣ 5 ਕਰ ਦਿਤੀਆ ਗਈਆ ਹਨ। ਗੁਰੂ ਸਾਹਿਬ ਕਿਥੇ ਕਿਥੇ ਗਏ ਉਪਰ ਵੀ ਸਮਹਿਮਤੀ ਨਹੀਂ ਮਿਲਦੀ। ਜੋ ਪੁਰਾਤਨ ਜਨਮ ਸਾਖੀਆ ਹਨ, ਉਨ੍ਹਾ ਉਪਰ ਵੀ ਬੜੇ ਕਿੰਤੂ ਪ੍ਰੰਤੂ ਹਨ। ਅਸਲੀਅਤ ਲਭਣ ਲਈ ਹਾਲਾ ਤਕ ਖੋਜਾਂ ਚਾਲੂ ਹਨ। ਸਮਝ ਲਗਦੀ ਹੈ ਕਿ ਇਤਹਾਸ ਲਿਖਣ ਵਾਲਿਆ ਨੇ ਹਰ ਲਿਖੀ ਪਹਿਲੀ ਲਿਖਤ ਵਿਚ ਨੁਕਸ ਕਢੇ ਅਤੇ ਆਪਣਾ ਪੱਖ ਵਧੀਆ ਸਾਬਤ ਕਰਨ ਲਈ ਪਹਿਲੇ ਨੂੰ ਗਲਤ ਸਾਬਤ ਕੀਤਾ ਹੈ। ਕਿਸੇ ਦੀ ਧਰੀ ਇੱਟ ਨੂੰ ਟਿਕੇ ਨਹੀਂ ਰਹਿਣ ਦੇਣਾ, ਇਹ ਸਾਡਾ ਸਿੱਖੀ ਇਤਹਾਸ ਹੈ। ਇਹ ਕੁਝ ਜਨੈਟਿਕ ਹੋ ਨਿਬੜਿਆ ਹੈ। ਅਜ ਵੀ ਸਾਡੇ ਇਹੀ ਝਗੜੇ ਚਲ ਰਹੇ ਹਨ। ਇਕ ਦੀਆ ਦੋ, ਦੋ ਦੀਆ ਤਿੰਨ ਸੰਸਥਾਵਾ ਅਤੇ ਪਾਰਟੀਆ ਝਟ ਵਿਚ ਬਣ ਜਾਂਦੀਆ ਹਨ। ਕਾਰਣ? ਕੇਵਲ ਇਕੋ ਇਕ ਕਿ ਅਸੀਂ ਸਿੱਖ ਲੋਕ ਆਪਸੀ 'ਬੇਭਰੋਸਗੀ' ਅਤੇ 'ਬੇਯਕੀਨੀ' ਦੇ ਗੂਹੜੇ ਸ਼ਿਕਾਰ ਹਾਂ।

APEX
CONCRETE & LANDSCAPE
RESIDENTIAL & COMMERCIAL
Add Value to your Home by Offering Beautiful High Quality Landscaping and Concrete Work at an Affordable Prize
FREE ESTIMATE
Limited Life Time Warranty
• STAMP CONCRETE • INTERLOCK • DRIVEWAY
• PLAIN CONCRETE • LAND SCAPE • SIDEWALK
• STEPS/SIDE ENTRANCE • SODING • PATIO
647-575-6102
Email: apexconstruc16@gmail.com
Laddi

INTERNATIONAL SARB-SANJHA PUNJABI KAVI DARBAR
ਅੰਤਰ-ਰਾਸ਼ਟਰੀ ਸਰਬ-ਸਾਂਝਾ ਪੰਜਾਬੀ ਕਵੀ ਦਰਬਾਰ
ਕਲਿ ਤਾਰਣ ਗੁਰੂ ਨਾਨਕ ਆਇਆ ॥
ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 550ਵੇਂ ਪ੍ਰਗਟ ਪੁਰਬ ਦੀ ਵਰ੍ਹੇ ਗੰਢ ਨੂੰ ਸਮਰਪਿਤ:
"ਅੰਤਰ-ਰਾਸ਼ਟਰੀ ਸਰਬ-ਸਾਂਝਾ ਪੰਜਾਬੀ ਕਵੀ ਦਰਬਾਰ - 2019"
ਜੋ ਕਿ ਰਾਮਗੜ੍ਹੀਆ ਸਿੱਖ ਫਾਉਂਡੇਸ਼ਨ ਦੇ ਉੱਦਮ ਸਦਕਾ ਆਯੋਜਿਤ ਕੀਤਾ ਜਾ ਰਿਹਾ ਹੈ, ਜਿਸ ਵਿਚ ਭਾਰਤ, ਪਾਕਿਸਤਾਨ, ਅਮਰੀਕਾ, ਇੰਗਲੈਂਡ, ਆਸਟਰੇਲੀਆ ਅਤੇ ਯੂਰਪ ਤੋਂ ਨਾਮਵਰ ਸਾਹਿਤਕਾਰ ਅਤੇ ਕਵੀ-ਸਾਹਿਬਾਨ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰ ਰਹੇ ਹਨ।
ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਜੀਵਨ-ਫਿਲਾਸਫੀ, ਜੀਵਨ-ਜਾਂਚ, ਜੀਵਨ-ਕਲਾ, ਜੀਵਨ-ਯੁਕਤ ਅਤੇ ਅਨਮੋਲ ਸਿਖਿਆਵਾਂ ਦੇ ਸੰਦਰਭ ਵਿਚ ਉੱਚ-ਕੋਟੀ ਦੇ ਵਿਦਵਾਨਾਂ ਪਾਸੋਂ ਕਵਿਤਾਵਾਂ, ਗ਼ਜ਼ਲਾਂ ਅਤੇ ਰੌਚਕ-ਰਚਨਾਵਾਂ ਦਾ ਆਨੰਦ ਮਾਣਨ ਲਈ ਆਪ ਸਭ ਸਾਹਿਤਕ ਪ੍ਰੇਮੀਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।
DATE: Sunday Nov. 17th, 2019
TIME: 10:00 AM - 5:00 PM
VENUE: Century Gardens Recreation Complex (Auditorium-1)
340 Vodden Street East, Brampton, Ontario L6V 2N2
Daljit Singh Gaidhu, Chairman, 416-305-9878
Hardial Singh Jheeta, General Secretary, 647-409-8915
Dr. Pargat Singh Bagga, President, 905-531-8901
Daljit Singh Gaidhu, Chairman
Dr. Pargat Singh Bagga, President
Puran S. Pandhi, Organizer
Hardial Singh Jheeta, General Secretary
Iqbal S. Mahal, Organizer
Hira Randhawa, Organizer
Karan Ajaib S. Sangha, Organizer
Paramjit K. Deol, Organizer
Maqsood Chaudhry, Organizer
Surinder Singh Pama, Organizer
ORGANIZED BY:
RSFO Ramgarhia Sikh Foundation of Ontario RSFO
7956 Torbram Road #40, Brampton (ONT) CANADA
Email: internationalkavidarbar@gmail.com • Website: www.rsfo.org

ਪਿੰਡ ਟੱਲੇਵਾਲ ਜਿਲ੍ਹਾ ਬਰਨਾਲਾ ਦੀ ਸੰਗਤ ਵਲੋਂ ਸੰਤ ਬਾਬਾ ਲਾਲ ਸਿੰਘ ਜੀ (ਬਰੱਕਤ) ਦੀ ਨਿੱਘੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ
ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਿੰਡ ਟੱਲੇਵਾਲ ਜਿਲ੍ਹਾ ਬਰਨਾਲਾ ਦੀ ਸੰਗਤ ਵਲੋਂ ਸੰਤ ਲਾਲ ਸਿੰਘ ਬਰੱਕਤ ਜੀ ਦੀ ਨਿੱਘੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ 25 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਗੁਰਦੁਆਰਾ ਸਿਖ ਹੈਰੀਟੇਜ ਸੈਂਟਰ ਤੇ 10 ਵਜੇ ਆਰੰਭ ਕੀਤੇ ਜਾ ਰਹੇ ਹਨ ਤੇ ਭੋਗ 27 ਅਕਤੂਬਰ ਦਿਨ ਐਤਵਾਰ ਨੂੰ 12 ਵਜੇ ਨੂੰ ਪਾਏ ਜਾਣਗੇ। ਉਪਰੰਤ ਕਥਾ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਸਾਰੀਆਂ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਆਪਣੇ ਪਰਵਾਰਾਂ ਸਮੇਤ ਗੁਰਦੁਆਰਾ ਸਾਹਿਬ ਪਹੁੰਚੋ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।
Sikh Heritage Centre
11796 Airport Rd, Brampton, ON L6R 0C7
ਜਗਦੇਵ ਸਿੰਘ: 437-241-6044
ਜਸਵਿੰਦਰ ਸਿੰਘ: 416-819-5540
ਮਨਿੰਦਰ ਸਿੰਘ (ਮਨੂੰ): 416-939-9866
ਨਿਸ਼ਾਨ ਸਿੰਘ ਤੁੰਗ: 647-407-0013
ਜਾਂ 905-789-5955

# ਅਲ ਕਾਇਦਾ ਨੂੰ ਮੁੜ ਤੋਂ ਸੰਗਠਿਤ ਕਰਨ ਦੇ ਯਤਨ

–ਏ ਗੁਪਤਾ

ਅੱਠ ਅਕਤੂਬਰ ਨੂੰ ਅਫਗਾਨ ਖੁਫੀਆ ਨੈਸ਼ਨਲ ਡਾਇਰੈਕਟੋਰੇਟ ਆਫ ਸਕਿਓਰਿਟੀ (ਐੱਨ ਡੀ ਐੱਸ) ਨੇ ਐਲਾਨ ਕੀਤਾ ਕਿ ਅਲ ਕਾਇਦਾ ਦੇ ਭਾਰਤੀ ਉਪ ਮਹਾਦੀਪ (ਏ ਕਿਊ ਆਈ ਐੱਸ) ਦਾ ਮੁਖੀ ਅਸੀਮ ਉਮਰ 23 ਸਤੰਬਰ ਨੂੰ ਹੇਲਮੰਡ ਵਿਚਲੇ ਇੱਕ ਤਾਲਿਬਾਨ ਟਿਕਾਣੇ ਉਤੇ ਅਮਰੀਕੀ-ਅਫਗਾਨ ਛਾਪੇ 'ਚ ਮਾਰਿਆ ਗਿਆ ਹੈ। ਅੱਜ ਤੱਕ ਏ ਕਿਊ ਆਈ ਐਸ ਦੇ ਅਧਿਕਾਰਤ ਮੀਡੀਆ ਜਾਂ ਉਨ੍ਹਾਂ ਦੇ ਕਿਸੇ ਸੋਸ਼ਲ ਮੀਡੀਆ ਖਾਤੇ ਨੂੰ ਇਸ ਦਾਅਵੇ ਦੀ ਨਾ ਪੁਸ਼ਟੀ ਕੀਤੀ ਹੈ ਅਤੇ ਨਾ ਇਸ ਨੂੰ ਰੱਦ ਕੀਤਾ ਹੈ। ਤਾਲਿਬਾਨ ਨੇ ਇਸ ਰਿਪੋਰਟ ਨੂੰ ਮਨਘੜਤ ਪ੍ਰਚਾਰ ਕਰਾਰ ਦਿੱਤਾ ਅਤੇ ਏ ਕਿਊ ਆਈ ਐੱਸ ਜਾਂ ਉਮਰ ਬਾਰੇ ਕੋਈ ਟਿੱਪਣੀ ਨਹੀਂ ਕੀਤੀ। ਇਸ ਗੱਲ ਦੀ ਵਧੇਰੇ ਸੰਭਾਵਨਾ ਹੈ ਭਾਰਤ ਵਿੱਚ ਪੈਦਾ ਹੋਏ ਉਮਰ ਨੂੰ ਮਾਰ ਦਿੱਤਾ ਗਿਆ ਹੈ। ਉਸ ਦੀ ਮੌਤ ਅਲ ਕਾਇਦਾ (ਏ ਕਿਊ)/ ਏ ਕਿਊ ਆਈ ਐੱਸ ਨੈੱਟਵਰਕ ਵੱਲੋਂ ਦੱਖਣੀ ਏਸ਼ੀਆ ਖਾਸ ਕਰ ਕੇ ਭਾਰਤ ਵਿੱਚ ਆਪਣੀਆਂ ਸਰਗਰਮੀਆਂ ਨੂੰ ਮੁੜ ਸੰਗਠਿਤ ਕਰਨ ਦੇ ਠੋਸ ਯਤਨਾਂ ਨੂੰ ਰੋਕਣ ਨਹੀਂ ਲੱਗੀ।

ਸਾਲ 2011 ਵਿੱਚ ਪਾਕਿਸਤਾਨ ਵਿੱਚ ਓਸਾਮਾ ਬਿਨ ਲਾਦੇਨ ਦੀ ਮੌਤ ਅਤੇ 2013 ਦੇ ਸ਼ੁਰੂ ਵਿੱਚ ਇਰਾਕ ਵਿੱਚ ਅਲ ਕਾਇਦਾ (ਜਿਹੜਾ ਆਈ ਐੱਸ ਆਈ ਐੱਲ ਵਿੱਚ ਤਬਦੀਲ ਹੋ ਗਿਆ) ਦੇ ਉਭਾਰ ਪਿੱਛੋਂ ਬਹੁਤੇ ਮਾਹਰਾਂ ਦਾ ਮੰਨਣਾ ਸੀ ਕਿ ਏ ਕਿਊ ਨੈੱਟਵਰਕ ਨੇ ਵਿਸ਼ਵ ਪੱਧਰੀ ਜੇਹਾਦ ਖੜ੍ਹਾ ਕਰਨ ਦੀ ਆਪਣੀ ਸਮਰੱਥਾ ਗੁਆ ਦਿੱਤੀ ਹੈ। ਆਈ ਐੱਸ ਆਈ ਐੱਲ ਦੁਨੀਆ ਭਰ ਵਿੱਚ ਕੌਮਾਂਤਰੀ ਸੁਰੱਖਿਆ ਲਈ ਪ੍ਰਮੁੱਖ ਚੁਣੌਤੀ ਬਣ ਗਿਆ। ਅਲ ਕਾਇਦਾ ਦੀ ਸਿਖਰਲੀ ਲੀਡਰਸ਼ਿਪ, ਜਿਸ ਵਿੱਚ ਮੁਖੀ ਆਇਮਾਨ ਅਲ ਜਵਾਹਿਰੀ ਸ਼ਾਮਲ ਸੀ, ਨੇ ਅਫਗਾਨ-ਪਾਕਿ ਇਲਾਕੇ ਵਿੱਚੋਂ ਕੰਮ ਕਰਨਾ ਜਾਰੀ ਰੱਖਿਆ। ਏ ਕਿਊ ਮੀਡੀਆ ਨੇ ਦੱਖਣੀ ਏਸ਼ੀਆ ਵਿੱਚ ਆਡੀਓ, ਵੀਡੀਓ ਅਤੇ ਆਨਲਾਈਨ ਮੈਗਜ਼ੀਨਾਂ ਨੂੰ ਘੋਖਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਦੇ ਪ੍ਰਚਾਰ ਦੇ ਮੁੱਖ ਚਿਹਰੇ ਸਨ, ਉਮਰ। ਫਿਰ ਇੱਕ ਅਗਿਆਤ ਮੌਲਵੀ ਉਸਤਾਦ ਅਹਿਮਦ ਫਾਰੂਕ ਵੀ ਇਸ ਇਲਾਕੇ ਜੇ ਜੇਹਾਦੀਆਂ ਦੇ ਦਰਮਿਆਨ ਠੋਸ ਰੂਪ ਨਾਲ ਖੜ੍ਹੇ ਸਨ। ਉਨ੍ਹਾਂ ਦੇ ਉਪਦੇਸ਼ਾਂ ਨੇ ਭਾਰਤ, ਬੰਗਲਾ ਦੇਸ਼, ਮਿਆਂਮਾਰ, ਅਮਰੀਕਾ ਤੇ ਕੁਝ ਹੱਦ ਤੱਕ ਪਾਕਿਸਤਾਨ ਨੂੰ ਨਿਸ਼ਾਨਾ ਬਣਾਇਆ। ਇਸ ਗਰੁੱਪ ਨੇ ਪਹਿਲਾਂ ਹੀ ਦੱਖਣੀ ਏਸ਼ੀਆ 'ਚ ਏ ਕਿਊ ਵਜੋਂ ਪਛਾਣ ਬਣਾਉਣੀ ਸ਼ੁਰੂ ਕਰ ਦਿੱਤੀ ਸੀ।

ਏ ਕਿਊ ਆਈ ਐੱਸ ਨੂੰ ਰਸਮੀ ਤੌਰ 'ਤੇ ਤਿੰਨ ਸਤੰਬਰ 2014 ਨੂੰ ਇੱਕ ਵੀਡੀਓ ਰਾਹੀਂ ਐਲਾਨਿਆ ਗਿਆ ਸੀ, ਜਿਸ ਵਿੱਚ ਜਵਾਹਿਰੀ ਨੇ ਉਮਰ ਨੂੰ ਮੁਖੀ ਐਲਾਨਿਆ ਸੀ, ਜਿਸ ਨੇ ਬਯਾਤ (ਵਫਾਦਾਰੀ) ਦੀ ਪੇਸ਼ਕਸ਼ ਕੀਤੀ ਸੀ, ਜਿਸ ਤੋਂ ਪਹਿਲਾਂ ਕਿਸੇ ਏ ਕਿਊ ਨੇਤਾ ਨੂੰ ਕਿਸੇ ਵੀ ਖੇਤਰੀ ਸ਼ਾਖਾ ਵਿੱਚ ਪੇਸ਼ ਨਹੀਂ ਕੀਤਾ ਗਿਆ ਸੀ। ਇਸ ਦੇ ਇਲਾਵਾ ਭਾਰਤੀ ਉਪ ਮਹਾਦੀਪ 'ਚ ਇੱਕ ਸੀਨੀਅਰ ਅਲ ਕਾਇਦਾ ਆਗੂ ਉਸਮਾ ਮਹਿਮੂਦ ਨੂੰ ਵੀ ਬੁਲਾਰਾ ਐਲਾਨਿਆ ਗਿਆ। ਜਲਦੀ ਹੀ ਇਸ ਗਰੁੱਪ ਨੇ ਬੰਗਲਾ ਦੇਸ਼ 'ਚ ਪ੍ਰਮੁੱਖ ਬੁੱਧੀਜੀਵੀਆਂ ਦੇ ਕਤਲ ਅਤੇ ਤਾਲਿਬਾਨ ਦੇ ਨਾਲ ਅਫਗਾਨ ਜੇਹਾਦ ਵਿੱਚ ਹਿੱਸਾ ਲੈਣ ਦਾ ਦਾਅਵਾ ਕਰਨਾ ਸ਼ੁਰੂ ਕਰ ਦਿੱਤਾ ਸੀ।

ਅਕਤੂਬਰ 2015 ਵਿੱਚ ਅਫਗਾਨਿਸਤਾਨ ਦੇ ਹੇਲਮੰਡ ਸੂਬੇ ਦੇ ਸ਼ੋਰਬਾਕ ਵਿੱਚ ਇੱਕ ਅਮਰੀਕੀ-ਅਫਗਾਨ ਛਾਪੇ ਵਿੱਚ ਕਈ ਪੰਜਾਬੀ ਪਾਕਿਸਤਾਨੀਆਂ ਸਮੇਤ ਬਹੁਤ ਸਾਰੇ ਆਈ ਕਿਊ ਏ ਐੱਸ ਲੋਕਾਂ ਦੇ ਮਾਰੇ ਜਾਣ ਜਾਂ ਗ੍ਰਿਫਤਾਰ ਹੋਣ ਦੀ ਸੂਚਨਾ ਮਿਲੀ ਸੀ। ਸਾਲ 2015 ਦੇ ਅੰਤ ਵਿੱਚ ਦਿੱਲੀ ਪੁਲਸ ਦੇ ਵਿਸ਼ੇਸ਼ ਸੈਲ ਨੇ ਸੰਬਲ ਦੇ ਵਾਸੀ ਮੁਹੰਮਦ ਆਸਿਫ ਤੇ ਕਟਕ ਦੇ ਮੌਲਾਨਾ ਅਬਦੁਲ ਰਹਿਮਾਨ ਦੀ ਗ੍ਰਿਫਤਾਰੀ ਕੀਤੀ ਤਾਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਉਮਰ ਪਿੱਛੋਂ ਸੰਬਲ ਦਾ ਰਹਿਣ ਵਾਲਾ ਸੀ ਅਤੇ ਉਸ ਦਾ ਨਾਂਅ ਸਨਾਉਲ ਹੱਕ ਸੀ। ਉਸ ਨੇ ਰਹਿਮਾਨ ਦੇ ਨਾਲ ਕੁਝ ਸਮੇਂ ਲਈ ਦੇਵਬੰਦ 'ਚ ਅਧਿਐਨ ਕੀਤਾ ਅਤੇ ਫਿਰ ਪਾਕਿਸਤਾਨ ਭੱਜ ਗਿਆ, ਜਿੱਥੇ ਉਹ ਹਰਕਤ-ਉਲ-ਮੁਜ਼ਾਹਦੀਨ ਵਿੱਚ ਸ਼ਾਮਲ ਹੋ ਗਿਆ ਸੀ। ਗ੍ਰਿਫਤਾਰ ਕੀਤੇ ਵਿਅਕਤੀਆਂ ਨੇ ਦੱਸਿਆ ਕਿ ਏ ਕਿਊ ਆਈ ਐਸ ਪਾਕਿਸਤਾਨ ਵਿੱਚ ਸਿਖਲਾਈ ਲਈ ਭਾਰਤ 'ਚ ਕੈਡਰਾਂ ਦੀ ਭਰਤੀ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਅਤੇ ਰਹਿਮਾਨ ਇਸ ਪ੍ਰਕਿਰਿਆ ਦਾ ਸਮਰਥਨ ਕਰ ਰਿਹਾ ਸੀ।

ਦਿੱਲੀ ਪੁਲਸ ਦੀ ਚਾਰਜਸ਼ੀਟ ਵਿੱਚ ਕਿਹਾ ਗਿਆ ਹੈ ਕਿ ਰਹਿਮਾਨ ਨੇ ਦੱਸਿਆ ਕਿ ਮੁਜ਼ੱਫਰਾਬਾਦ (ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ) ਵਿੱਚ ਇੱਕ ਲਸ਼ਕਰ ਕੈਂਪ 'ਚ ਟਰੇਨਿੰਗ ਦੇ ਬਾਅਦ ਉਸ ਨੂੰ ਲਸ਼ਕਰ ਦਾ ਆਪ੍ਰੇਟਿਵ ਫਰਹਤੁੱਲਾ ਗੌਰੀ ਰਾਵਲਪਿੰਡੀ ਜੇਲ 'ਚ ਲੈ ਗਿਆ। ਉਥੇ ਉਨ੍ਹਾਂ ਨੇ ਲਸ਼ਕਰ ਦੇ ਆਪ੍ਰੇਸ਼ਨਲ ਚੀਫ ਜਕੀ-ਉਰ ਰਹਿਮਾਨ ਲਖਵੀ ਨਾਲ ਮੁਲਾਕਾਤ ਕੀਤੀ। ਰਹਿਮਾਨ ਦੇ ਲਸ਼ਕਰ ਏ-ਤੋਇਬਾ ਲਿੰਕ ਨੇ ਸਾਫ ਕਰ ਦਿੱਤਾ ਕਿ ਏ ਕਿਊ, ਲਸ਼ਕਰ ਅਤੇ ਪਾਕਿਸਤਾਨੀ ਆਈ ਐਸ ਆਈ ਲਿੰਕ ਕਾਇਮ ਸੀ। ਏ ਕਿਊ ਆਈ ਐੱਸ ਜੇਹਾਦੀਆਂ ਦੇ ਉਸੇ ਗਰੁੱਪ ਲਈ ਨਵਾਂ ਨਾਂਅ ਸੀ, ਜੋ ਪੱਛਮੀ ਬੰਗਲਾ ਦੇਸ਼, ਮਿਆਂਮਾਰ ਤੇ ਅਫਗਾਨਿਸਤਾਨ ਦੇ ਇਲਾਵਾ ਭਾਰਤੀ ਹਿੱਤਾਂ ਨੂੰ ਨਿਸ਼ਾਨੇ 'ਤੇ ਲਿਆਉਣ 'ਤੇ ਕੇਂਦਰਿਤ ਸੀ।

ਏ ਕਿਊ ਮੀਡੀਆ ਨੈੱਟਵਰਕ ਪਿਛਲੇ ਕਈ ਮਹੀਨਿਆਂ ਤੋਂ ਕਾਫੀ ਪਸਾਰ ਕਰ ਰਿਹਾ ਹੈ, ਜਿਸ ਵਿੱਚ ਉਹ ਆਪਣੇ ਦੁਸ਼ਮਣਾਂ ਦੇ ਖਿਲਾਫ ਆਪਣੇ ਰੋਜ਼ਾਨਾ ਦੇ ਕੰਮਾਂ ਵਿੱਚ ਆਈ ਐੱਸ ਆਈ ਐੱਲ ਸ਼ੈਲੀ ਅਪਡੇਟ ਸ਼ਾਮਲ ਕਰਦਾ ਹੈ। ਉਨ੍ਹਾਂ ਦੇ ਚੈਨਲ ਇਕੱਠੇ ਸਾਰੀਆਂ ਸ਼ਾਖਾਵਾਂ ਦੀਆਂ ਸਰਗਰਮੀਆਂ ਦੀ ਰਿਪੋਰਟਿੰਗ ਕਰਦੇ ਹਨ, ਜਿਨ੍ਹਾਂ 'ਚ ਏ ਕਿਊ ਆਈ ਐੱਸ ਵੱਲੋਂ ਪੁਰਾਣੇ ਤੇ ਨਵੇਂ ਗਰੁੱਪ ਸ਼ਾਮਲ ਹਨ। ਬ੍ਰਾਂਡ ਨਾਮ ਅਲ ਸਹਾਬ ਮੀਡੀਆ ਦੇ ਤਹਿਤ ਅਤੇ ਇਨ੍ਹਾਂ ਚੈਨਲਾਂ ਉਤੇ ਤਾਜ਼ਾ ਜੋੜ ਕਸ਼ਮੀਰ-ਏ ਕਿਊ ਦੇ ਮੁਖੀ ਜਵਾਹਿਰੀ ਨੇ ਇਸ ਸਾਲ ਜੁਲਾਈ 'ਚ ਕਸ਼ਮੀਰ 'ਚ ਜੇਹਾਦ ਦਾ ਸੱਦਾ ਦਿੰਦੇ ਹੋਏ ਇੱਕ ਵੀਡੀਓ ਪੋਸਟ ਕੀਤੀ ਤੇ ਕਿਹਾ ਸੀ ਕਿ ਪਾਕਿ-ਸਤਾਨ ਨੇ ਅਰਬ ਮੁਜ਼ਾਹਦੀਨ ਨੂੰ ਅਫਗਾਨਿਸਤਾਨ ਤੋਂ ਰੂਸ ਦੀ ਵਾਪਸੀ ਦੇ ਬਾਅਦ ਕਸ਼ਮੀਰ ਆਉਣ ਤੋਂ ਰੋਕਿਆ ਸੀ ਤੇ ਸਿਰਫ ਦੋ ਦਿਨ ਪਹਿਲਾਂ ਇੱਕ ਏ ਕਿਊ ਆਈ ਐੱਸ ਵੀਡੀਓ ਵਿੱਚ ਉਸਮਾ ਮਹਿਮੂਦ ਨੇ ਪਾਕਿਸਤਾਨ ਨੂੰ ਕਸ਼ਮੀਰੀਆਂ ਨੂੰ ਧੋਖਾ ਦੇਣ ਲਈ ਕੋਸਦੇ ਹੋਏ, ਪਰ ਭਾਰਤੀ ਹਿਤਾਂ 'ਤੇ ਹਮਲਾ ਕਰਨ ਲਈ ਕਿਹਾ ਸੀ। ਮਾਰੇ ਗਏ ਕਸ਼ਮੀਰੀ ਕਮਾਂਡਰਾਂ, ਜਿਵੇਂ ਜ਼ਾਕਿਰ ਮੂਸਾ ਅਤੇ ਸਫਦਰ ਅਹਿਮਦ ਭੱਟ, ਨਾਇਕ ਵਜੋਂ ਪੇਸ਼ ਕੀਤੇ ਗਏ ਵੀਡੀਓ 'ਚ ਸਪੱਸ਼ਟ ਤੌਰ 'ਤੇ ਕੱਟੜਪੰਥੀ ਅਤੇ ਕੈਡਰ ਨੂੰ ਭਰਤੀ ਕਰਨ ਦਾ ਟੀਚਾ ਕਸ਼ਮੀਰ ਦੇ ਅੰਦਰ ਹੀ ਨਹੀਂ ਸਗੋਂ ਮੁੱਖ ਭੂਮੀ ਭਾਰਤ ਅਤੇ ਦੱਖਣੀ ਏਸ਼ੀਆ 'ਚ ਵੀ ਹੈ।

ਦੱਖਣੀ ਏਸ਼ੀਆ ਵਿੱਚ ਸੁਰੱਖਿਆ ਲਈ ਪ੍ਰਮੁੱਖ ਚੁਣੌਤੀ ਹਮੇਸ਼ਾ ਅਲ ਕਾਇਦਾ ਨੈੱਟਵਰਕ ਰਿਹਾ ਹੈ, ਜਿਸ ਵਿੱਚ ਅਫਗਾਨ ਤਾਲਿਬਾਨ, ਟੀ ਟੀ ਪੀ (ਤਹਿਰੀਕੇ ਤਾਲਿਬਾਨ ਪਾਕਿਸਤਾਨ), ਲਸ਼ਕਰੇ ਤਾਇਬਾ, ਜੈਸ਼-ਇ-ਮੁਹੰਮਦ ਆਦਿ ਦੇ ਧੜੇ ਸ਼ਾਮਲ ਹਨ। ਇੱਕ ਪਾਸੇ ਅਮਰੀਕਾ ਨਾਲ ਆਪਣੇ ਸੰਬੰਧ ਤੋੜਨ ਲਈ ਅਮਰੀਕਾ ਨੂੰ ਅੱਤਵਾਦੀ ਵਿਰੋਧੀ ਭਰੋਸਾ ਦੇਣਾ ਪਾਕਿਸਤਾਨ ਲਈ ਆਸਾਨ ਸੀ, ਦੂਜੇ ਪਾਸੇ ਅਲ ਕਾਇਦਾ ਨੈਟਵਰਕ ਆਪਣੇ ਪ੍ਰਚਾਰ ਨਾਲ ਵੱਧ ਹਮਲਾਵਰ ਹੋ ਗਿਆ ਹੈ ਅਤੇ ਅਫਗਾਨਿਸਤਾਨ ਸਮੇਤ ਪੂਰੇ ਦੱਖਣੀ ਏਸ਼ੀਆ ਵਿੱਚ ਹਮਲਿਆਂ ਲਈ ਸੱਦਾ ਦੇ ਰਿਹਾ ਹੈ। ਏ ਕਿਊ ਅਤੇ ਏ ਕਿਊ ਆਈ ਐਸ ਦੀਆਂ ਤਾਜ਼ਾ ਸਰਗਰਮੀਆਂ ਵਿਸ਼ੇਸ਼ ਤੌਰ 'ਤੇ ਕਸ਼ਮੀਰ 'ਤੇ ਧਿਆਨ ਕੇਂਦਰਿਤ ਕਰਨ ਵਾਲੇ ਸੁਝਾਅ ਦਿੰਦੀਆਂ ਹਨ ਅਤੇ ਏਥੋਂ ਪੂਰੇ ਦੱਖਣੀ ਏਸ਼ੀਆ ਤੋਂ ਕਸ਼ਮੀਰ ਮੁੱਦੇ ਦੀ ਵਰਤੋਂ ਕਰ ਕੇ ਕੈਡਰ ਦੀ ਭਰਤੀ ਲਈ ਯਤਨ ਕਰ ਰਿਹਾ ਹੈ। ਦੱਖਣੀ ਏਸ਼ੀਆ ਦੇ ਜੇਹਾਦੀਆਂ ਨੂੰ ਇਕਜੁੱਟ ਕਰਨ ਵਾਲੀ ਕਸ਼ਮੀਰ ਦੀ ਤਹਿਰੀਕ ਦਾ ਸੱਦਾ ਬੜਾ ਅਹਿਮ ਸਾਬਿਤ ਹੋ ਸਕਦਾ ਹੈ। ਇਸ 'ਚ ਇੱਕ ਭਾਵਨਾਤਮਕ ਮੁੱਦੇ ਨੂੰ ਖਿੱਚਣ ਦੀ ਸਮਰੱਥਾ ਹੈ। ਇਸ ਨੇ ਨਾ ਕੇਵਲ ਭਾਰਤ ਵਿੱਚ ਸਗੋਂ ਭਾਰਤ ਤੋਂ ਪਰੇ ਭਾਰਤੀ ਹਿੱਤਾਂ 'ਤੇ ਵੀ ਹਮਲਾ ਕਰਨ ਦਾ ਸੱਦਾ ਦਿੱਤਾ ਹੈ। ਇਸ ਦੇ ਪ੍ਰਸਾਰ ਦੀ ਤੀਬਰਤਾ ਅਤੇ ਦੁਨੀਆ ਦੇ ਕਈ ਹਿੱਸਿਆਂ ਵਿੱਚ ਸਮੂਹ ਦੀ ਮੌਜੂਦਾ ਤਾਕਤ ਇਸ ਨੂੰ ਇੱਕ ਸ਼ਕਤੀਸ਼ਾਲੀ ਨੈਟਵਰਕ ਬਣਾਉਂਦੀ ਹੈ।

# ਪ੍ਰਕਾਸ਼ ਪੁਰਬ ਦਾ ਉਹ ਦਿਨ

–ਭੋਲਾ ਸਿੰਘ ਸੰਘੇੜਾ



ਸਾਲ 1969 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਧੂਮ ਧਾਮ ਮਨਾਈ ਗਈ। ਉਸ ਸਮੇਂ ਕਈ ਸਰਕਾਰੀ ਤੇ ਗੈਰ ਸਰਕਾਰੀ ਸਮਾਗਮ ਹੋਏ ਤੇ ਧਾਰਮਿਕ ਸਥਾਨਾਂ ਤੋਂ ਬਿਨਾ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਵੀ ਜਨਮ ਦਿਨ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਪੁਰਬ ਤੋਂ ਪਹਿਲਾਂ ਮੈਂ ਆਪਣੇ ਪਿੰਡ ਵਿੱਚ ਕਦੇ ਦੀਪ ਮਾਲਾ ਨਹੀਂ ਸੀ ਹੁੰਦੀ ਦੇਖੀ। ਉਦੋਂ ਮੈਂ ਚੌਥੀ ਜਮਾਤ ਵਿੱਚ ਪੜ੍ਹਦਾ ਸਾਂ। ਸਾਨੂੰ ਪੜ੍ਹਾਉਣ ਵਾਲੇ ਅਧਿਆਪਕ ਬਖਤੌਰ ਸਿੰਘ ਅਸਲੋਂ ਵਿਲੱਖਣ ਸ਼ਖਤੀਅਤ ਦੇ ਮਾਲਕ ਸਨ। ਉਹ ਮਿਹਨਤੀ ਅਧਿਆਪਕ ਸਨ। ਪੜ੍ਹਾਉਣ ਦੇ ਨਾਲ ਸਕੂਲ ਦੇ ਹੋਰ ਕੰਮਾਂ ਧੰਦਿਆਂ ਵੱਲ ਤਵੱਜੋ ਦੇਣੀ ਆਪਣਾ ਫਰਜ਼ ਸਮਝਦੇ ਸਨ। ਇਹ ਕੰਮ ਉਹ ਆਪਣੀ ਸਵੈ ਇੱਛਾ ਨਾਲ ਕਰਦੇ ਸਨ। ਇਨ੍ਹਾਂ ਵਿੱਚੋਂ ਇੱਕ ਕੰਮ ਸੀ, ਸਾਰੇ ਸਕੂਲ ਵਿੱਚ ਫੁੱਲ-ਬੂਟੇ ਲਾਉਣ ਦੀ ਜ਼ਿੰਮੇਵਾਰੀ। ਸਿਆਲ ਦੇ ਦਿਨਾਂ ਵਿੱਚ ਫੁੱਲ ਦੇਣ ਵਾਲੇ ਬੂਟਿਆਂ ਦੀ ਤਿਆਰੀ ਸਤੰਬਰ ਵਿੱਚ ਸ਼ੁਰੂ ਹੋ ਜਾਂਦੀ। ਜਮਾਤ ਦੇ ਕਮਰੇ ਅੱਗੇ ਦੀਆਂ ਕਿਆਰੀਆਂ ਨੂੰ ਕਹੀਆਂ ਨਾਲ ਗੁੱਡਣਾ, ਦੇਸੀ ਰੇਹ ਪਾਉਣੀ, ਪਾਣੀ ਲਾਉਣਾ, ਪੌਦਾ ਬੀਜਣਾ ਤੇ ਫਿਰ ਪੱਟ ਕੇ ਸਾਰੇ ਸਕੂਲ ਵਿੱਚ ਲਾਉਣ ਦਾ ਜ਼ਿੰਮਾ ਸਾਡੀ ਜਮਾਤ ਦਾ ਹੁੰਦਾ ਸੀ। ਸਬੰਧਤ ਜਮਾਤਾਂ ਦੇ ਵਿਦਿਆਰਥੀ ਵੀ ਭਾਵੇਂ ਮਦਦ ਕਰਦੇ ਸਨ, ਪਰ ਅਗਵਾਈ ਸਾਡੀ ਜਮਾਤ ਦੀ ਹੁੰਦੀ ਸੀ।

ਸ਼ਤਾਬਦੀ ਵਾਲੇ ਦਿਨ ਮੇਰੇ ਪਿੰਡ ਸੰਘੇੜੇ ਦੇ ਸਕੂਲ ਵਿੱਚ ਵੀ ਸਮਾਗਮ ਰੱਖਿਆ ਗਿਆ ਸੀ। ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਆਲੇ-ਦੁਆਲੇ ਦੇ ਸਕੂਲਾਂ ਨੂੰ ਵੀ ਸੱਦਾ ਪੱਤਰ ਭੇਜੇ ਗਏ ਸਨ, ਜਿਸ ਵਿੱਚ ਵਿਦਿਆਰਥੀਆਂ ਨੇ ਸ਼ਬਦ, ਭਾਸ਼ਣ ਤੇ ਗੀਤ-ਸੰਗੀਤ ਦੇ ਮੁਕਾਬਲਿਆਂ ਵਿੱਚ ਸ਼ਮੂਲੀਅਤ ਕਰਨੀ ਸੀ। ਪਿੰਡ ਦੇ ਪਤਵੰਤਿਆਂ ਤੋਂ ਬਿਨਾ ਆਲੇ-ਦੁਆਲੇ ਦੇ ਪਿੰਡਾਂ ਦੇ ਪੰਚ ਤੇ ਸਰਪੰਚਾਂ ਦੇ ਵੀ ਹਾਜ਼ਰੀ ਭਰਨ ਦੀ ਉਮੀਦ ਸੀ। ਇਸ ਸਮਾਗਮ ਦੇ ਮੁੱਖ ਮਹਿਮਾਨ ਪਿੰਡ ਦੇ ਸਰਪੰਚ ਸੂਬੇਦਾਰ ਗੁਰਦਿੱਤ ਸਿੰਘ ਸਨ। ਉਹ ਪੜ੍ਹੇ-ਲਿਖੇ, ਸੂਝਵਾਨ ਤੇ ਨਿਮਰ ਸੁਭਾਅ ਵਾਲੇ ਸਨ ਜੋ ਫੌਜ ਵਿੱਚੋਂ ਸੇਵਾਮੁਕਤ ਹੋ ਕੇ ਆਏ ਸਨ। ਸਾਡੇ ਸਕੂਲ ਦੇ ਅਧਿਆਪਕ ਤੇ ਵਿਦਿਆਰਥੀ ਹਫਤਾ ਪਹਿਲਾਂ ਹੀ ਤਿਆਰੀਆਂ ਵਿੱਚ ਜੁਟ ਗਏ। ਵਧੀਆ ਕਾਰਗੁਜ਼ਾਰੀ ਵਾਲੇ ਵਿਦਿਆਰਥੀਆਂ ਨੂੰ ਮੁੱਖ ਮਹਿਮਾਨ ਨੇ ਸਨਮਾਨਿਤ ਕਰਨਾ ਸੀ। ਮੇਰੀ ਜਮਾਤ ਦੀਆਂ ਦੋ ਟੀਮਾਂ ਨੇ ਵੀ ਗੁਰੂ ਨਾਨਕ ਜੀ ਬਾਰੇ ਕਵੀਸ਼ਰੀ ਵਿੱਚ ਭਾਗ ਲੈਣਾ ਸੀ। ਇਨ੍ਹਾਂ ਵਿਦਿਆਰਥੀਆਂ ਦੀ ਇੱਕ ਟੋਲੀ ਵਿੱਚ ਮੈਂ ਵੀ ਸਾਂ।

ਕਵੀਸ਼ਰੀ ਦੇ ਇਹ ਬੋਲ ਸਾਨੂੰ ਮਾਸਟਰ ਬਖਤੌਰ ਸਿੰਘ ਨੇ ਹੀ ਲਿਖ ਕੇ ਦਿੱਤੇ ਸਨ। ਉਨ੍ਹਾਂ ਆਪਣੇ ਘਰ ਬੁਲਾ ਕੇ ਸਾਨੂੰ ਤਰਜ਼ ਸਮਝਾਈ ਅਤੇ ਪੇਸ਼ਕਾਰੀ ਦਾ ਢੰਗ ਵੀ ਦੱਸਿਆ। ਘਰ ਜਾਂ ਸਕੂਲ ਵਿੱਚ ਸਾਨੂੰ ਜਦੋਂ ਵੀ ਮੌਕਾ ਮਿਲਦਾ, ਅਸੀਂ ਗਾਉਣ ਦਾ ਅਭਿਆਸ ਕਰਨ ਲੱਗ ਪੈਂਦੇ। ਸਮਾਗਮ ਦੇ ਦਿਨ ਪਤਾ ਲੱਗਾ ਕਿ ਸਾਡੀ ਜਮਾਤ ਦੀ ਕਵੀਸ਼ਰੀ ਦੀ ਇੱਕੋ ਟੀਮ ਭਾਗ ਲੈ ਸਕੇਗੀ। ਭਾਗ ਲੈਣ ਵਾਲੀ ਟੀਮ ਵਿੱਚ ਮੈਂ ਸ਼ਾਮਲ ਨਹੀਂ ਸਾਂ। ਅਸੀਂ ਵਿਹਲੇ ਹੋ ਗਏ। ਮਾਸਟਰ ਬਖਤੌਰ ਸਿੰਘ ਦੀ ਹਦਾਇਤ ਮਿਲੀ ਕਿ ਸਮਾਗਮ ਤੋਂ ਪਿੱਛੋਂ ਬੂਟਿਆਂ ਦੀਆਂ ਰਹਿੰਦੀਆਂ ਕਿਆਰੀਆਂ ਨੂੰ ਗੁੱਡ ਕੇ ਘਰ ਜਾਇਆ ਜਾਵੇ। ਸਾਡੀ ਟੋਲੀ ਨੇ ਸੋਚਿਆ ਕਿ ਜੇ ਸਮਾਗਮ ਤੋਂ ਬਾਅਦ ਗੋਡੀ ਕਰਨ ਲੱਗੇ ਤਾਂ ਘਰ ਪਹੁੰਚਦਿਆਂ ਬਹੁਤ ਕੁਵੇਲਾ ਹੋ ਜਾਵੇਗਾ। ਕਿਉਂ ਨਾ ਗੋਡੀ ਕਰਦਿਆਂ-ਕਰਦਿਆਂ ਹੀ ਸਮਾਗਮ ਦੀਆਂ ਪੇਸ਼ਕਾਰੀਆਂ ਦੇਖੀਆਂ ਜਾਣ।

ਅਸੀਂ ਖੁਰਪੀਆਂ ਚੁੱਕੀਆਂ ਤੇ ਗੋਡੀ ਕਰਨ ਲੱਗੇ। ਮੰਚ ਸਾਡੀਆਂ ਨਜ਼ਰਾਂ ਤੋਂ ਕੋਈ ਬਹੁਤਾ ਦੂਰ ਨਹੀਂ ਸੀ। ਮੰਚ ਦੀ ਹਰ ਪੇਸ਼ਕਾਰੀ ਸਾਨੂੰ ਸਾਫ ਨਜ਼ਰ ਆ ਰਹੀ ਸੀ। ਸਪੀਕਰਾਂ ਦੀ ਆਵਾਜ਼ ਦੂਰ ਤੱਕ ਸੁਣਦੀ ਸੀ। ਪਹਿਲਾਂ ਵਿਦਿਆਰਥੀਆਂ ਦੇ ਸ਼ਬਦ-ਗਾਇਨ ਮੁਕਾਬਲੇ ਹੋਏ। ਫਿਰ ਬਾਹਰੋਂ ਆਏ ਵਿਦਵਾਨਾਂ ਨੇ ਆਪਣੇ ਭਾਸ਼ਣਾਂ ਰਾਹੀਂ ਗੁਰੂ ਨਾਨਕ ਦੇਵ ਦੇ ਜੀਵਨ ਤੇ ਦਰਸ਼ਨ ਬਾਰੇ ਚਾਨਣਾ ਪਾਇਆ। ਇਸ ਤੋਂ ਬਾਅਦ ਫਿਰ ਬੱਚਿਆਂ ਦੇ ਭਾਸ਼ਨ, ਗੀਤ ਤੇ ਸਕਿੱਟ ਮੁਕਾਬਲੇ ਹੋਏ। ਅਖੀਰ ਵਿੱਚ ਮੁਕਾਬਲਿਆਂ ਵਿੱਚ ਪਹਿਲੇ ਅਤੇ ਦੂਜੇ ਦਰਜੇ ਵਾਲੇ ਵਿਦਿਆਰਥੀਆਂ ਨੂੰ ਸਰਪੰਚ ਨੇ ਸਨਮਾਨਿਤ ਕੀਤਾ।

ਅੰਤ ਵਿੱਚ ਸਰਪੰਚ ਨੇ ਪ੍ਰਧਾਨਗੀ ਭਾਸ਼ਨ ਦਿੱਤਾ। ਉਨ੍ਹਾਂ ਸਾਰੇ ਅਧਿਆਪਕਾਂ, ਵਿਦਿਆਰਥੀਆਂ ਤੇ ਪਤਵੰਤੇ ਸੱਜਣਾਂ ਦਾ ਸਮਾਗਮ ਨੂੰ ਸਫਲ ਬਣਾਉਣ ਲਈ ਧੰਨਵਾਦ ਕੀਤਾ। ਉਨ੍ਹਾਂ ਗੱਲਾਂ ਭਾਵੇਂ ਹੋਰ ਵੀ ਬਹੁਤ ਸਾਰੀਆਂ ਕੀਤੀਆਂ ਪਰ ਉਨ੍ਹਾਂ ਦੇ ਅੰਤਲੇ ਬੋਲ ਅੱਜ ਵੀ ਮੇਰੇ ਚੇਤੇ ਵਿੱਚ ਵੱਸਦੇ ਹਨ। ਉਹ ਬੋਲੇ, ‘‘ਚੰਗੀ ਕਾਰਗੁਜ਼ਰੀ ਦਿਖਾਉਣ ਵਾਲੇ ਵਿਦਿਆਰਥੀਆਂ ਨੂੰ ਆਪਾਂ ਸਨਮਾਨ ਦਿੱਤਾ ਹੈ, ਪਰ ਮੇਰੀ ਨਜ਼ਰ ਅਹੁ ਸਾਹ-ਮਣੇ ਫੁੱਲਾਂ ਵਾਲੇ ਬੂਟਿਆਂ ਦੀ ਗੋਡੀ ਕਰਦੇ ਬੱਚਿਆਂ ਵੱਲ ਵਾਰ-ਵਾਰ ਜਾਂਦੀ ਰਹੀ ਹੈ। ਉਹ ਸਮਾਗਮ ਵੀ ਦੇਖਦੇ ਰਹੇ ਤੇ ਗੋਡੀ ਵੀ ਕਰਦੇ ਰਹੇ। ਬਾਬਾ ਨਾਨਕ ਦੀ ਸ਼ਤਾਬਦੀ ਮਨਾਉਣ ਦਾ ਇਹ ਵੀ ਇੱਕ ਢੰਗ ਸੀ। ਇਸ ਮੰਚ ਤੋਂ ਜੇ ਅੱਜ ਆਪਾਂ ਇਨ੍ਹਾਂ ਬੱਚਿਆਂ ਨੂੰ ਸਨਮਾਨਤ ਨਾ ਕੀਤਾ ਤਾਂ ਇਸ ਸਮਾਗਮ ਨੂੰ ਮੈਂ ਅਧੂਰਾ ਹੀ ਸਮਝਾਂਗਾ।'' ਇੰਨੀ ਗੱਲ ਸੁਣਦਿਆਂ ਹੀ ਸਾਰਾ ਪੰਡਾਲ ਤਾੜੀਆਂ ਨਾਲ ਗੂੰਜ ਉਠਿਆ ਅਤੇ ਸਾਰੀਆਂ ਅੱਖਾਂ ਸਾਡੇ ਵੱਲ ਹੋ ਗਈਆਂ ਸਨ। ਮੰਚ ਤੋਂ ਸਨਮਾਨ ਲੈਣ ਲਈ ਪਹਿਲਾਂ ਮੇਰਾ ਨਾਂ ਬੋਲਿਆ ਗਿਆ। ਮੈਂ ਡੌਰ-ਭੌਰ ਹੋਏ ਨੇ ਪਹਿਲਾਂ ਆਲੇ-ਦੁਆਲੇ ਤੇ ਫੇਰ ਮਿੱਟੀ ਨਾਲ ਲਿੱਬੜੇ ਹੱਥਾਂ ਵੱਲ ਦੇਖਿਆ। ਮੇਰੀ ਜਕੋਤਕੀ ਦੇਖ ਕੇ ਸਰਪੰਚ ਸਾਹਿਬ ਬੋਲੇ, ‘ਪੁੱਤਰ, ਇਵੇਂ ਹੀ ਆ ਜਾਓ। ਹੱਥ ਧੋਣ ਦੀ ਜ਼ਰੂਰਤ ਨ੍ਹੀ .. ਕੰਮ ਕਰਨ ਵਾਲੇ ਹੱਥਾਂ ਨੂੰ ਮਿੱਟੀ ਹੀ ਲੱਗੂ।’ ਮੈਂ ਉਸੇ ਤਰ੍ਹਾਂ ਮੰਚ ਉਤੇ ਜਾ ਕੇ ਫਤਿਹ ਬੁਲਾਈ ਅਤੇ ਲਿਬੜੇ ਹੱਥਾਂ ਨਾਲ ਸਨਮਾਨ ਪੱਤਰ ਪ੍ਰਾਪਤ ਕੀਤਾ, ਜੋ ਅੱਜ ਵੀ ਮੇਰੇ ਕੋਲ ਸੰਭਾਲ ਕੇ ਰੱਖਿਆ ਹੋਇਆ ਹੈ।

# ਮਨ ਦੀਆਂ ਰੀਝਾਂ

–ਪਰਮਬੀਰ ਕੌਰ–

ਸਵੇਰੇ-ਸਵੇਰੇ ਅਖਬਾਰ ਆਈ ਤਾਂ ਪਹਿਲਾਂ ਪੂਰੇ ਪੰਨੇ ਉਤੇ ਵੱਡਾ ਇਸ਼ਤਿਹਾਰ ਸੀ ਜਿਸ ਵਿੱਚ ਤਰ੍ਹਾਂ-ਤਰ੍ਹਾਂ ਦੀਆਂ ਸਹੂਲਤਾਂ ਦੀ ਪੇਸ਼ਕਸ਼ ਕੀਤੀ ਗਈ ਸੀ। ਕਿਹਾ ਗਿਆ ਸੀ, ‘ਆਪਣੀਆਂ ਸਭ ਰੀਝਾਂ ਪੂਰੀਆਂ ਕਰੋ..! ' ਕੌਣ ਨਹੀਂ ਚਾਹੇਗਾ ਆਪਣੀਆਂ ਇਛਾਵਾਂ ਪੂਰੀਆਂ ਕਰਨਾ? ਆਖਰ ਹਰ ਇੱਕ ਦੀ ਖੁਸ਼ੀ, ਰੀਝਾਂ ਦੀ ਪੂਰਤੀ ਨਾਲ ਤਾਂ ਜੁੜੀ ਹੁੰਦੀ ਹੈ। ਇਹ ਵੀ ਅਸੀਂ ਬਾਖੂਬੀ ਜਾਣਦੇ ਹਾਂ ਕਿ ਬੰਦੇ ਦੀਆਂ ਚਾਹਤਾਂ ਦੀ ਸੀਮਾ ਕੋਈ ਨਹੀਂ। ਇਹ ਬੇਸ਼ੁਮਾਰ ਅਤੇ ਬੇਲਗਾਮ ਹਨ, ਸਦਾ ਵਧਦੀਆਂ ਹੀ ਜਾਂਦੀਆਂ ਹਨ। ਜਦੋਂ ਮਨ ਨੇ ਇਹ ਇਸ਼ਤਿਹਾਰ ਦੇਖਿਆ ਤਾਂ ਝੱਟ ਬੋਲ ਪਿਆ, ‘‘ਵਾਹ! ਮੇਰੀਆਂ ਤਾਂ ਆਪ ਕਿੰਨੀਆਂ ਰੀਝਾਂ ਨੇ, ਇਹ ਸੁਨਹਿਰੀ ਮੌਕਾ ਹੋ ਗਿਆ ਇਨ੍ਹਾਂ ਨੂੰ ਪੂਰੀਆਂ ਕਰਨ ਦਾ!' ਇਹ ਆਖ ਕੇ ਮਨ ਨੇ ਗਹੁ ਨਾਲ ਉਸ ਇਸ਼ਤਿਹਾਰ ਵਿੱਚ ਦਿੱਤੀਆਂ ਤਜਵੀਜ਼ਾਂ ਇੱਕ-ਇੱਕ ਕਰਕੇ ਪੜ੍ਹੀਆਂ ਪਰ ਚਿਹਰੇ ਉੱਤੇ ਉਦਾਸੀ ਝਲਕਣ ਲੱਗ ਪਈ। ਮਨ ਆਖਦਾ ਹੈ, ‘ਇਨ੍ਹਾਂ ਨੂੰ ਮੇਰੀਆਂ ਚਾਹਤਾਂ ਦੀ ਉਕਾ ਫਿਕਰ ਨਹੀਂ, ਇਥੇ ਹੋਰ ਈ ਓਪਰੇ, ਸਗੋਂ ਉਪਰਾਮਤਾ ਵੱਲ ਲਿਜਾਣ ਵਾਲੇ ਮਸ਼ਵਰੇ ਨੇ। ਫਿਰ ਮੇਰੀਆਂ ਰੀਝਾਂ ਦਾ ਖਿਆਲ ਕੌਣ ਕਰੇਗਾ?'

ਮਨ ਇਸ ਪਿੱਛੋਂ ਜਿਵੇਂ ਘੋਰ ਨਿਰਾਸ਼ਾ ਦੇ ਆਲਮ ਵਿੱਚ ਚਲਾ ਗਿਆ। ਹਾਲਤ ਇਹ ਗੰਭਰੀਤਾ ਨਾਲ ਲੈਣ ਵਾਲੀ ਸੀ ਨਾ, ਨਜ਼ਦੀਕੀ ਸਾਂਝ ਹੋਣ ਕਰਕੇ ਮਨ ਦੇ ਮੋਢੇ 'ਤੇ ਹੱਥ ਰੱਖ ਕੇ ਪੁੱਛਿਆ, ‘ਕਿਉਂ ਦੋਸਤ! ਇੰਨੇ ਮਾੜੇ ਹਾਲਾਤ ਤਾਂ ਨਹੀਂ। ਕਿਉਂ ਨਾ ਆਪਣੀਆਂ ਸਾਰੀਆਂ ਉਮੰਗਾ, ਇਛਾਵਾਂ ਇਸੇ ਪਲ ਸਾਂਝੀਆਂ ਕੀਤੀਆਂ ਜਾਣ ਤਾਂ ਜੋ ਉਨ੍ਹਾਂ ਦੀ ਪੂਰਤੀ ਹਿਤ ਕੋਈ ਸੰਭਵ ਕਦਮ ਪੁੱਟਣ ਵੱਲ ਤੁਰੀਏ।'

‘ਮੈਂ ਤਾਂ ਹੈਰਾਨ ਹਾਂ ਕਿ ਅੱਜ-ਕੱਲ੍ਹ ਦੁਨੀਆ ਨੂੰ ਹੋ ਕੀ ਗਿਆ ਏ! ਵਾਤਾਵਰਨ ਨੂੰ ਸਾਫ ਤੇ ਸ਼ਾਂਤ ਰੱਖਣ ਦੇ ਯਤਨਾਂ ਦਾ ਕੋਈ ਜ਼ਿਕਰ ਜਾਂ ਪੁਰਾਣੀਆਂ ਗਲਤ ਆਦਤਾਂ ਨੂੰ ਦਰੁਸਤ ਕਰਨ ਦੀ ਕੋਈ ਗੱਲ, ਏਦਾਂ ਦਾ ਕੁਝ ਨਹੀਂ ਹੋ ਰਿਹਾ। ਇਥੇ ਤਾਂ ਜੋ ਵੀ ਗੱਲਾਂ ਮੈਨੂੰ ਹੁੰਦੀਆਂ ਦਿੱਸਦੀਆਂ ਨੇ, ਉਹ ਕੁਦਰਤ ਦੇ ਖਿਲਾਫ ਜਾਂਦੀਆਂ ਨੇ।' ਕਹਿ ਕੇ ਮਨ ਨੇ ਹਉਕਾ ਲਿਆ ਤੇ ਬਗੈਰ ਕਿਸੇ ਹੁੰਗਾਰੇ ਦੀ ਉਡੀਕ ਕੀਤਿਆਂ ਫਿਰ ਡੂੰਘਾ ਸਾਹ ਲੈ ਕੇ ਆਖਣ ਲੱਗਾ, ‘ਮੇਰੀ ਤਮੰਨਾ ਏ ਕਿ ਮੈਂ ਬਿਲਕੁਲ ਸਾਫ ਹਵਾ ਵਿੱਚ ਸਾਹ ਲਵਾਂ, ਜਿਹੜੀ ਮੈਨੂੰ ਤਰੋਤਾਜ਼ਾ ਕਰਨ ਦੇ ਨਾਲ ਆਪਣੀ ਸਮਰੱਥਾ ਦੀ ਵਰਤੋਂ ਕਰਨ ਦੀ ਢੇਰ ਸਾਰੀ ਊਰਜਾ ਦੇਵੇ, ਪਰ ਇਥੇ ਤਾਂ ਜਾਪਦਾ ਏ ਜਿਵੇਂ ਹਰ ਵੇਲੇ ਹਵਾ ਨੂੰ ਹੋਰ ਪਲੀਤ ਕਰਨ ਦੇ ਮਨਸੂਬੇ ਬਣਾਏ ਜਾਂਦੇ ਨੇ।'

ਇਸ ਵੇਲੇ ਮਨ ਦੀ ਹਾਲਤ ਅਸਲੋਂ ਚਿੰਤਤ ਕਰਨ ਵਾਲੀ ਦਿਸ ਰਹੀ ਸੀ ਪਰ ਕਿਸੇ ਕੋਲ ਸੱਚਮੁੱਚ ਧਰਵਾਸ ਦੇਣ ਵਾਲੀ ਗੱਲ ਕੋਈ ਹੋਵੇ ਤਾਂ ਕੁਝ ਆਖੇ! ਅਜਿਹਾ ਕੁਝ ਹੈ ਨਹੀਂ ਸੀ। ਮਨ ਨੇ ਉਸੇ ਦਿਨ ਸਵੇਰੇ ਸਵਖਤੇ ਦਾ ਦ੍ਰਿਸ਼ ਚੇਤੇ ਕੀਤਾ, ‘ਅੱਜ ਪਹੁ ਫੁਟਾਲੇ ਸਮੇਂ ਨੇੜੇ ਵਾਲੇ ਪਾਰਕ ਵਿੱਚ ਉਸ ਖੁਸ਼ਬੂਦਾਰ ਫੁੱਲਾਂ ਵਾਲੀ ਝਾੜੀ ਹਰ-ਸਿੰਗਾਰ ਨੇ ਮੇਰੇ ਲਈ ਉਥੇ ਪਏ ਮੇਜ਼ ਉਤੇ ਢੇਰਾਂ ਫੁੱਲ ਖਿਲਾਰੇ ਹੋਏ ਸਨ। ਮੇਰੀ ਰੂਹ ਉਤੇ ਉਸ ਨੇ ਖੇੜਾ ਲੈ ਆਂਦਾ ਪਰ ਆਪ ਅੱਜ ਉਹ ਉਦਾਸ ਜਿਹੀ ਨਜ਼ਰੀਂ ਪਈ। ਕਾਰਨ ਪੁੱਛਣ ਤੇ ਉਸ ਨੇ ਦੱਸਿਆ, ‘ਮੈਨੂੰ ਆਪਣੀ ਹੋਂਦ ਦਾ ਫਿਕਰ ਖਾ ਰਿਹਾ ਏ, ਇਨ੍ਹਾਂ ਮਨੁੱਖਾਂ ਨੇ ਆਪਣੀ ਸਾਰੀ ਉਨ੍ਹਾਂ ਕੰਮਾਂ ਨਾਲ ਜੋੜੀ ਹੋਈ ਏ ਜਿਹੜੇ ਮੈਨੂੰ ਜਾਂ ਮੇਰੇ ਨਾਲ ਦਿਆਂ ਨੂੰ, ਇਥੋਂ ਤੱਕ ਕਿ ਹੋਰ ਸਾਰੇ ਜੀਵਾਂ ਨੂੰ ਬਿਲਕੁਲ ਨਹੀਂ ਭਉਂਦੇ।'

ਮਨ ਨੇ ਅੱਗੇ ਹੋਰ ਕਿਹਾ, ‘ਮੈਂ ਹਰ-ਸਿੰਗਾਰ ਨੂੰ ਕਿਹਾ ਕਿ ਕੀ ਦੱਸਾਂ, ਮੈਂ ਤੇਰੇ ਦਿਲ ਦੀ ਪੂਰੀ ਦਸ਼ਾ ਸਮਝ ਰਿਹਾਂ, ‘ਤੇਰਾ ਇਸ਼ਾਰਾ ਪਟਾਕਿਆਂ ਨਾਲ ਹੁੰਦੇ ਧੂੰਏਂ ਤੇ ਸ਼ੋਰ ਵੱਲ ਹੈ, ਤੇ ਜਿਹੜਾ ਸੰਗੀਤ ਦੇ ਨਾਂ ਤੇ ਕੰਨ-ਪਾੜਵਾਂ ਰੌਲਾ ਪਾਉਂਦੇ ਨੇ, ਉਸ ਵੱਲ ਹੈ।' ਵਿਚਾਰੀ ਝਾੜੀ ਨੇ ਮੇਰਾ ਧਿਆਨ ਇਸ ਪਾਸੇ ਵੀ ਦਿਵਾਇਆ ਕਿ ਪਾਣੀ ਨੂੰ ਤਰ੍ਹਾਂ-ਤਰ੍ਹਾਂ ਦੇ ਜ਼ਹਿਰਾਂ ਨਾਲ ਜਿਵੇਂ ਦੂਸ਼ਿਤ ਕੀਤਾ ਜਾ ਰਿਹਾ ਹੈ।'

ਨਿਰਾਸ਼-ਹਤਾਸ਼ ਮਨ ਨੂੰ ਹੌਂਸਲਾ ਦੇਣ ਲਈ ਕੁਝ ਲਫਜ਼ ਬੋਲਣੇ ਲਾਜ਼ਮੀ ਮਹਿਸੂਸ ਹੋਣ ਲੱਗੇ, ‘ਨਿਰਾ-ਪੁਰਾ ਹਨੇਰਾ ਵੀ ਨਹੀਂ, ਥੋੜ੍ਹੀ ਜਾਗਰੂਕਤਾ ਆਉਣ ਲੱਗੀ ਏ, ਕਾਫੀ ਚਰਚਾ ਹੋ ਰਹੀ ਹੈ ਇਨ੍ਹਾਂ ਮੁੱਦਿਆਂ ਦੀ, ਦਿਨੋ-ਦਿਨ ਜਾਗਰੂਕਤਾ ਨੇ ਹੋਰ ਫੈਲ ਕੇ ਚਾਨਣ ਦੇ ਪਸਾਰੇ ਵਿੱਚ ਵਾਧਾ ਹੀ ਕਰਨਾ ਏ। ਸਮਝੋ ਚੰਗਾ ਵੇਲਾ ਬਸ ਆਉਣ ਵਾਲਾ ਹੀ ਹੈ।'

ਮਨ ਜਿਵੇਂ ਇਸੇ ਟਿੱਪਣੀ ਨੂੰ ਉਡੀਕ ਰਿਹਾ ਸੀ। ਕਹਿਣ ਲੱਗਾ, ‘ਮੇਰੀਆਂ ਰੀਝਾਂ ਤਾਂ ਸਿਰਫ ਉਸ ਵਕਤ ਨਾਲ ਹੀ ਵਾਬਸਤਾ ਨੇ, ਜਦੋਂ ਹਰ ਕੋਈ ਆਪਣੇ ਆਪ ਨੂੰ ਸਾਰੇ ਜਹਾਨ ਨੂੰ ਜਵਾਬਦੇਹ ਸਮਝੇਗਾ, ਹਰ ਇੱਕ ਇਸ ਧਰਤੀ ਦੇ ਜੀਵਾਂ ਦੀਆਂ ਲੋੜਾਂ ਪ੍ਰਤੀ ਸੰਵੇਦਨਸ਼ੀਲ ਹੋਵੇਗਾ, ਹਰ ਕੋਈ ਕੁਦਰਤ ਅਨੁਸਾਰ ਜਿਊਣ ਢੰਗ ਅਪਣਾਵੇਗਾ, ਅਨੁਸ਼ਾਸਨ ਵਿੱਚ ਰਹਿ ਕੇ ਸ਼ਾਂਤ ਅਤੇ ਸਹਿਜ ਜੀਵਨ ਜਿਊਣ ਵਿੱਚ ਮਾਣ ਮਹਿਸੂਸ ਕਰੇਗਾ, ਜਦੋਂ ਹਰ ਕੋਈ ਅਜਿਹੀਆਂ ਤਰਜੀਹਾਂ ਨੂੰ ਪਹਿਲ ਦੇ ਆਧਾਰ ਉੱਤੇ ਚੁਣੇਗਾ ਜੋ ਇਸ ਧਰਤੀ ਨੂੰ ਹਰਾ-ਭਰਾ ਤੇ ਖੁਸ਼ਹਾਲ ਬਣਾਉਣ।'

ਲੱਗਿਆ, ਮਨ ਥਕ ਗਿਆ ਬੋਲ-ਬੋਲ ਕੇ, ਪਰ ਨਹੀਂ! ਕੁਝ ਵਕਫੇ ਮਗਰੋਂ ਮਨ ਨੇ ਭੜਾਸ ਕੱਢੀ, ‘ਮੇਰੇ ਲਈ ਤਾਂ ਪੌਲੀਥੀਨ ਤੇ ਪਲਾਸਟਿਕ ਦੀ ਬੇਲੋੜੀ ਤੇ ਬਗੈਰ ਸੋਚੀ ਵਰਤੋਂ ਵੀ ਤਕਲੀਫਦੇਹ ਹੈ। ਜਿਵੇਂ ਇਸ ਧਰਤੀ ਨੂੰ ਕੂੜੇਦਾਨ ਬਣਾਉਣਾ ਹੋਵੇ! ਅਸਲ ਵਿੱਚ ਇਹ ਸਮੱਸਿਆਵਾਂ ਮੈਨੂੰ ਨਿਜੀ ਜਾਪਦੀਆਂ ਨੇ ਪਰ ਇਨ੍ਹਾਂ ਦੇ ਹੱਲ ਸਾਰਿਆਂ ਦੇ ਮਿਲਵਰਤਨ ਨਾਲ ਹੀ ਸੰਭਵ ਹੋ ਸਕਦੇ ਨੇ। ਕਾਸ਼! ਹਰ ਕੋਈ ਇਨ੍ਹਾਂ ਮਸਲਿਆਂ ਨੂੰ ਆਪਣੀਆਂ ਫਿਕਰਾਂ ਦਾ ਹਿੱਸਾ ਬਣਾ ਲਵੇ।'

# ਅੱਠਵੀਂ ਪਾਸ ਅਧਿਆਪਕ

–ਪ੍ਰਿੰਸੀਪਲ ਵਿਜੈ ਕੁਮਾਰ

ਪੰਜਵੀਂ ਜਮਾਤ ਪਾਸ ਕਰਨ ਪਿੱਛੋਂ ਛੇਵੀਂ ਵਿੱਚ ਅੰਗਰੇਜ਼ੀ ਦਾ ਵਿਸ਼ੇ ਪੜ੍ਹਨ ਪੈ ਗਿਆ। ਅੰਗਰੇਜ਼ੀ ਦੇ ਅਧਿਆਪਕ ਦੇ ਮਿਹਨਤੀ ਨਾ ਹੋਣ ਕਾਰਨ ਅੰਗਰੇਜ਼ੀ ਬਾਰੇ ਮਨ ਵਿੱਚ ਡਰ ਅਜਿਹਾ ਬੈਠਾ ਕਿ ਜਦੋਂ ਅੰਗਰੇਜ਼ੀ ਦਾ ਪੀਰੀਅਡ ਆਉਣਾ, ਕੰਬਣੀ ਛਿੜ ਜਾਣੀ। ਮੈਂ ਸਭ ਤੋਂ ਪਿੱਛੇ ਜਾ ਬੈਠਦਾ। ਖੈਰ, ਕਿਸੇ ਨਾ ਕਿਸੇ ਢੰਗ ਨਾਲ ਛੇਵੀਂ ਦਾ ਬੇੜਾ ਪਾਰ ਲੱਗ ਗਿਆ। ਸਾਡੇ ਪਰਵਾਰ ਦਾ ਕਿੱਤਾ ਭਾਵੇਂ ਦੁਕਾਨਦਾਰੀ ਸੀ, ਪਰ ਪਿਤਾ ਜੀ ਦੀ ਇੱਛਾ ਸੀ ਕਿ ਮੈਂ ਪੜ੍ਹ-ਲਿਖ ਕੇ ਅਫਸਰ ਬਣਾਂ। ਉਹ ਅਨਪੜ੍ਹ ਹੁੰਦਿਆਂ ਹੋਇਆਂ ਵੀ ਪੜ੍ਹਾਈ ਦੀ ਵੁੱਕਤ ਸਮਝਦੇ ਸਨ। ਅਗਲੇ ਸਾਲ ਸੱਤਵੀਂ ਜਮਾਤ ਦਾ ਅੰਗਰੇਜ਼ੀ ਪੜ੍ਹਾਉਣ ਵਾਲਾ ਅਧਿਆਪਕ ਵਾਹਵਾ ਮਿਹਨਤੀ ਸੀ, ਪਰ ਨਾਲ-ਨਾਲ ਸਖਤ ਵੀ ਬਹੁਤ ਸੀ। ਕਮਜ਼ੋਰ ਬੱਚਿਆਂ ਉਤੇ ਉਸ ਦੀ ਵਿਸ਼ੇਸ਼ ਨਜ਼ਰ ਹੁੰਦੀ। ਉਸ ਦੀ ਸਖਤੀ ਨੇ ਅੰਗਰੇਜ਼ੀ ਬਾਰੇ ਮੇਰੇ ਅੰਦਰ ਹੋਰ ਜ਼ਿਆਦਾ ਖੌਫ ਪੈਦਾ ਕਰ ਦਿੱਤਾ। ਉਹ ਮੈਨੂੰ ਹਰ ਰੋਜ਼ ਜਮਾਤ ਦੇ ਬਾਹਰ ਖੜ੍ਹਾ ਕਰ ਦਿੰਦਾ। ਸਤੰਬਰ ਦੀ ਪ੍ਰੀਖਿਆ ਵਿੱਚ ਅੰਗਰੇਜ਼ੀ ਵਿੱਚੋਂ ਮੇਰੇ ਅੱਠ ਨੰਬਰ ਆਏ। ਅਧਿਆਪਕ ਨੇ ਸਕੂਲ ਮੁਖੀ ਨੂੰ ਕਹਿ ਕੇ ਫੇਲ੍ਹ ਬੱਚਿਆਂ ਦੇ ਮਾਪਿਆਂ ਨੂੰ ਸਕੂਲ ਸੱਦਿਆ। ਇਨ੍ਹਾਂ ਵਿੱਚ ਮੈਂ ਵੀ ਸਾਂ। ਪਿਤਾ ਜੀ ਅੰਗਰੇਜ਼ੀ ਵਿੱਚੋਂ ਮੇਰੇ ਨੰਬਰ ਦੇਖ ਕੇ ਹੈਰਾਨ ਰਹਿ ਗਏ। ਉਹ ਮੈਨੂੰ ਮਿਹਨਤ ਕਰਾਉਣ ਦਾ ਵਾਅਦਾ ਕਰਕੇ ਆ ਗਏ।

ਛੁੱਟੀ ਤੋਂ ਬਾਅਦ ਘਰ ਪਹੁੰਚਦੇ ਹੀ ਪਿਤਾ ਜੀ ਦਾ ਫਰਮਾਨ ਹੋ ਗਿਆ, ‘ਕਾਕਾ, ਪੜ੍ਹਾਈ ਤੇਰੇ ਵੱਸ ਦੀ ਗੱਲ ਨਹੀਂ। ਦੁਕਾਨਦਾਰਾਂ ਦੇ ਨਿਆਣੇ ਪੜ੍ਹਾਈ ਨਹੀਂ ਕਰ ਸਕਦੇ। ਜਿਹੜੀ ਖੋਰੀ ਮੈਂ ਖੋਤਦਾ ਆਇਆ ਹਾਂ, ਤੂੰ ਵੀ ਖੋਤਣੀ ਸ਼ੁਰੂ ਕਰ ਦੇ। ਪੜ੍ਹਾਈ ਛੱਡ ਅਤੇ ਦੁਕਾਨ 'ਤੇ ਬੈਠਿਆ ਕਰ।'' ਪਿਤਾ ਜੀ ਦਾ ਗੁੱਸਾ ਦੇਖ ਕੇ ਮੈਂ ਕੰਬਣ ਲੱਗ ਪਿਆ। ਮਾਂ ਨੇ ਉਠ ਕੇ ਮੈਨੂੰ ਜੱਫੀ ਵਿੱਚ ਲੈ ਲਿਆ। ਉਹ ਭਾਵੇਂ ਬਹੁਤ ਘੱਟ ਪੜ੍ਹੀ-ਲਿਖੀ ਸੀ, ਪਰ ਮਨ ਦੀਆਂ ਗੱਲਾਂ ਬੁੱਝ ਲੈਂਦੀ ਸੀ। ਉਸ ਨੇ ਪਿਤਾ ਜੀ ਨੂੰ ਸ਼ਾਂਤ ਕਰਦਿਆਂ ਕਿਹਾ, ‘ਸੰਭਾਲ ਕੇ ਰੱਖੋ ਆਪਣੀ ਦੁਕਾਨ, ਮੇਰੇ ਪੁੱਤ ਨੇ ਨਹੀਂ ਕੋਈ ਦੁਕਾਨ-ਦਕੂਨ ਕਰਨੀ।’ ਮਾਂ ਦੇ ਇਨ੍ਹਾਂ ਬੋਲਾਂ ਨਾਲ ਮੈਨੂੰ ਰਤਾ ਕੁ ਸਾਹ ਆਉਂਦਾ ਜਾਪਿਆ। ਮਾਂ ਨੇ ਲਾਡ ਲਡਾਉਂਦਿਆਂ ਪੁੱਛਿਆਂ, ‘ਪੁੱਤ ਤੂੰ ਪਰਚਿਆਂ ਵਿੱਚ ਤਾਂ ਚੰਗੇ ਨੰਬਰ ਲਏ ਆ, ਫਿਰ ਤੈਨੂੰ ਅੰਗਰੇਜ਼ੀ ਕਿਉਂ ਨਹੀਂ ਆਉਂਦੀ?'' ਇੱਕ ਪਲ ਲਈ ਮਾਂ ਦੀਆਂ ਅੱਖਾਂ ਅੰਦਰ ਝਾਕਿਆ ਤਾਂ ਲੱਗਿਆ, ਉਸ ਨੀਵੀਆਂ ਹੋ ਗਈਆਂ ਸਨ, ਬੱਸ, ਮੈਂ ਇੰਨਾ ਆਖ ਸਕਿਆ ਕਿ ਮੈਨੂੰ ਅੰਗਰੇਜ਼ੀ ਪੜ੍ਹਨੀ ਨਹੀਂ ਆਉਂਦੀ। ਮਾਂ ਨੇ ਤੁਰੰਤ ਵਰਾਇਆ, ‘‘ਤੂੰ ਘਬਰਾ ਨਾ, ਮੈਂ ਤੇਰੇ ਪਾਪਾ ਨਾਲ ਗੱਲ ਕਰਦੀ ਆਂ।'' ਰਾਤ ਦੇ ਖਾਣੇ ਵੇਲੇ ਮਾਂ ਨੇ ਵੇਲਾ ਵੇਖ ਕੇ ਪਿਤਾ ਜੀ ਨੂੰ ਕਿਹਾ, ‘‘ਮੁੰਡਾ ਅੰਗਰੇਜ਼ੀ ਤੋਂ ਡਰ ਗਿਐ, ਇਹ ਨਲਾਇਕ ਨਹੀਂ ਆ। ਇਸ ਨੂੰ ਹੌਸਲਾ ਦਿਓ ਭੋਰਾ।'' ਨਾਲ ਉਸ ਨੇ ਮੈਨੂੰ ਮਾਸਟਰ ਮੁਨਸ਼ੀ ਰਾਮ ਕੋਲ ਪੜ੍ਹਨ ਭੇਜਣ ਦੀ ਸੁਲ੍ਹਾ ਜਿਹੀ ਵੀ ਮਾਰੀ। ਮਾਸਟਰ ਮੁਨਸ਼ੀ ਰਾਮ ਜੀ ਸਾਡੀ ਦੁਕਾਨ ਤੋਂ ਪੰਜ ਚਾਰ ਦੁਕਾਨਾਂ ਪਰੇ ਆਰ ਐਮ ਪੀ ਦੁਕਾਨ ਉਤੇ ਕੰਪਾਊਡਰੀ ਕਰਦੇ ਸਨ। ਉਹ ਸਰਕਾਰੀ ਸਕੂਲ ਤੋਂ ਬਤੌਰ ਅਧਿਆਪਕ ਸੇਵਾਮੁਕਤ ਹੋਏ ਸਨ। ਉਨ੍ਹਾਂ ਬਾਰੇ ਅਕਸਰ ਗੱਲਾਂ ਚਲਦੀਆਂ ਹੁੰਦੀਆਂ ਸਨ ਕਿ ਉਹ ਲਾਹੌਰ ਤੋਂ ਅੱਠਵੀਂ ਜਮਾਤ ਪਾਸ ਕਰਕੇ ਆਏ ਸਨ ਅਤੇ ਆਪਣੇ ਸਕੂਲ ਵਿੱਚ ਦਸਵੀਂ ਜਮਾਤ ਤੱਕ ਅੰਗਰੇਜ਼ੀ ਪੜ੍ਹਉਂਦੇ ਸਨ। ਉਨ੍ਹਾਂ ਕੋਲ ਅੰਗਰੇਜ਼ੀ ਪੜ੍ਹਿਆ ਬੱਚਾ ਮੁੜ ਮਾਰ ਨਹੀਂ ਖਾਂਦਾ। ਉਹ ਟਿਊਸ਼ਨ ਨਹੀਂ ਕਰਦੇ ਸਨ ਸਗੋਂ ਆਪਣੀ ਲਿਆਕਤ ਅਤੇ ਕਾਬਲੀਅਤ ਦੇ ਗੁਣ ਬੱਚਿਆਂ ਤੱਕ ਪਹੁੰਚਾਉਣਾ ਉਨ੍ਹਾਂ ਦਾ ਸ਼ੌਕ ਸੀ।

ਮਾਂ ਦੀ ਸਲਾਹ ਮੰਨ ਕੇ ਪਿਤਾ ਜੀ ਨੇ ਮੈਨੂੰ ਅੰਗਰੇਜ਼ੀ ਪੜ੍ਹਨ ਲਈ ਮਾਸਟਰ ਮੁਨਸ਼ੀ ਰਾਮ ਜੀ ਕੋਲ ਭੇਜਣਾ ਸ਼ੁਰੂ ਕਰ ਦਿੱਤਾ। ਮਾਸਟਰ ਜੀ ਦੀ ਮੋਤੀਆਂ ਵਰਗੀ ਲਿਖਾਈ ਵੀ ਮਨ ਨੂੰ ਟੁੰਬਦੀ ਸੀ। ਪਾਠ ਪੜ੍ਹਾਉਂਦਿਆਂ ਉਹ ਬੱਚਿਆਂ ਨੂੰ ਅੰਗਰੇਜ਼ੀ ਦਾ ਉਚਾਰਨ ਅਤੇ ਵਿਆਕਰਨ ਸਿਖਾਉਣਾ ਨਹੀਂ ਸੀ ਭੁੱਲਦੇ। ਜਮਾਤ ਦੇ ਪੱਧਰ ਅਨੁਸਾਰ ਵਿਆਕਰਨ ਅਤੇ ਫਰਾਟੇਦਾਰ ਢੰਗ ਨਾਲ ਅੰਗਰੇਜ਼ੀ ਪੜ੍ਹਨ ਦਾ ਤਰੀਕਾ ਉਨ੍ਹਾਂ ਮੈਨੂੰ ਤਿੰਨ ਮਹੀਨਿਆਂ ਵਿੱਚ ਸਿਖਾ ਦਿੱਤਾ। ਫਿਰ ਮੈਂ ਮੋਤੀਆਂ ਵਰਗੇ ਅੱਖਰ ਲਿਖਣ ਲੱਗ ਪਿਆ। ਦਸੰਬਰ ਵਾਲੀ ਪ੍ਰੀਖਿਆ ਵਿੱਚ ਮੇਰਾ ਨੰਬਰਾਂ ਵਾਲਾ ਮੀਟਰ ਅੱਠ ਤੋਂ ਸਿੱਧਾ ਅੱਸੀ ਉਤੇ ਪੁੱਜ ਗਿਆ। ਅੰਗਰੇਜ਼ੀ ਵਾਲੇ ਅਧਿਆਪਕ ਕੋਲੋਂ ਮੈਨੂੰ ਸਾਰੀ ਜਮਾਤ ਦੇ ਸਾਹਮਣੇ ਸ਼ਾਬਾਸ਼ ਮਿਲੀ। ਮੇਰਾ ਅੰਗਰੇਜ਼ੀ ਦਾ ਡਰ ਦੂਰ ਹੋ ਗਿਆ ਸੀ। ਮੈਨੂੰ ਉਹ ਦਿਨ ਚੰਗੀ ਤਰ੍ਹਾਂ ਯਾਦ ਹੈ ਜਿਸ ਦਿਨ ਇੱਕ ਡਾਕਟਰ ਦੇ ਇੰਜਨੀਅਰ ਪੁੱਤਰ ਨੇ ਮਾਸਟਰ ਮੁਨਸ਼ੀ ਰਾਮ ਜੀ ਨੂੰ ਆਪਣੇ ਅਧਿਕਾਰੀ ਨੂੰ ਲਿਖਿਆ ਹੋਇਆ ਪੱਤਰ ਦਿਖਾ ਕੇ ਉਸ ਵਿੱਚੋਂ ਗਲਤੀਆਂ ਚੁਗਣ ਲਈ ਕਿਹਾ ਸੀ। ਮਾਸਟਰ ਜੀ ਨੇ ਉਸ ਦੇ ਲਿਖੇ ਹੋਏ ਸਾਰੇ ਪੱਤਰ ਨੂੰ ਰੱਦ ਕਰਕੇ ਸਾਰਾ ਪੱਤਰ ਆਪ ਲਿਖਿਆ ਸੀ।..

ਮੇਰਾ ਅਨੁਭਵ ਕਹਿੰਦਾ ਹੈ ਕਿ ਹਰ ਅਧਿਆਪਕ ਨੂੰ ਮਾਸਟਕ ਮੁਨਸ਼ੀ ਰਾਮ ਜਿਹਾ ਮਿਹਨਤੀ, ਗਿਆਨ ਭਰਪੂਰ ਤੇ ਬੱਚਿਆਂ ਦਾ ਭਲਾ ਤੱਕਣ ਵਾਲਾ ਹੋਣਾ ਚਾਹੀਦਾ ਹੈ।

## ਹਲਕਾ ਫੁਲਕਾ

ਮੁੰਡਾ, ‘‘ਹਰ ਸੰਡੇ ਤੇਰੇ ਚਿਹਰੇ 'ਤੇ ਰੰਗ ਕਿਉਂ ਲੱਗਾ ਹੁੰਦਾ ਹੈ?”
ਕੁੜੀ, ‘‘ਮੈਂ ਹਰ ਸੰਡੇ ਹੌਲੀ ਖੇਡਦੀ ਹਾਂ।”
ਮੁੰਡਾ, ‘‘ਕਿਉਂ?”
ਕੁੜੀ, ‘‘ਸਾਡੇ ਸਕੂਲ ਵਿੱਚ ਟੀਚਰ ਨੇ ਦੱਸਿਆ ਹੈ ਕਿ ਸੰਡੇ ਮਤਲਬ ‘ਹੋਲੀਡੇ'।”

********

ਗਰਲ ਫਰੈਂਡ, ‘‘ਤੁਸੀਂ ਸ਼ਰਾਬ ਬਹੁਤ ਪੀਣ ਲੱਗੇ ਹੋ?”
ਬੁਆਏ ਫਰੈਂਡ, ‘‘ਓਏ ਇਹ ਚੀਜ਼ ਹੀ ਅਜਿਹੀ ਹੈ।”
ਗਰਲ ਫਰੈਂਡ, ‘‘ਬੋਤਲ 'ਤੇ ਤਾਂ ਸਾਫ-ਸਾਫ ਲਿਖਿਆ ਹੁੰਦਾ ਹੈ ‘ਖਤਰਾ', ਫਿਰ ਵੀ ਕਿਉਂ ਪੀਂਦੇ ਹੋ?”
ਬੁਆਏ ਫਰੈਂਡ, ‘‘ਓਏ ਪਗਲੀ ਅਸੀਂ ‘ਖਤਰਿਆਂ ਦੇ ਖਿਡਾਰੀ' ਹਾਂ।”

********

ਇੱਕ ਵਾਰ ਇੱਕ ਨੇਤਾ ਪਿੰਡ 'ਚ ਗਰੀਬਾਂ ਦੀਆਂ ਸਮੱਸਿਆਵਾਂ ਸੁਣਨ ਗਿਆ। ਉਹ ਬੋਲਿਆ, ‘‘ਦੱਸੋ ਤੁਹਾਡੀਆਂ ਕੀ-ਕੀ ਪਰੇਸ਼ਾਨੀਆਂ ਹਨ?”
ਇੱਕ ਬਜ਼ੁਰਗ ਬੋਲਿਆ, ‘‘ਬੇਟਾ ਪਿੰਡ 'ਚ ਪਾਣੀ-ਬਿਜਲੀ ਤਾਂ ਹੈ, ਪਰ ਇੱਕ ਵੀ ਸ਼ਮਸ਼ਾਨ ਘਾਟ ਨਹੀਂ ਹੈ।”
ਨੇਤਾ, ‘‘...ਤਾਂ ਮੈਂ ਕੀ ਕਰਾਂ?”
ਬਜ਼ੁਰਗ, ‘‘ਪਿੰਡ ਵਿੱਚ ਸ਼ਮਸ਼ਾਨ ਘਾਟ ਬਣਾ ਦਿੰਦੇ ਤਾਂ ਠੀਕ ਰਹਿੰਦਾ।”
ਨੇਤਾ, ‘‘ਠੀਕ ਹੈ, ਇਸ ਵਾਰ ਸਾਨੂੰ ਜਿਤਾਉਣਾ, ਸਭ ਦੇ ਘਰਾਂ 'ਚ ਇੱਕ ਇੱਕ ਸ਼ਮਸ਼ਾਨ ਘਾਟ ਬਣਾ ਦੇਵਾਂਗਾ।”
ਬਜ਼ੁਰਗ ਨੇ ਪੁੱਤਰ ਨੂੰ ਕਿਹਾ: ‘‘ਓਏ ਡਾਂਗ ਕਿੱਥੇ ਹੈ ਮੇਰੀ, ਲਿਆਵੀਂ ਜ਼ਰਾ ਚੁੱਕ ਕੇ?”

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777



31 Melanie Dr. Unit #4 Brampton, ON L6T 5H8
Avtar Singh Tiwana
Sales Rep.





Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ’ ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।




Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।





## ਅਵਾਰਾ ਪਸ਼ੂਆਂ ਦੇ ਕਾਰਨ ਤਿੰਨ ਬੱਚਿਆਂ ਦੇ ਪਿਤਾ ਦੀ ਮੌਤ



ਕੋਟਕਪੂਰਾ, 21 ਅਕਤੂਬਰ (ਪੋਸਟ ਬਿਊਰੋ)- ਜ਼ਿਲੇ ਦੀਆਂ ਸਮਾਜ ਸੇਵੀ ਸੰਸਥਾਵਾਂ ਵੱਲੋਂ ਗਊ ਟੈਕਸ ਦੇ ਬਾਵਜੂਦ ਅਵਾਰਾ ਪਸ਼ੂਆਂ ਕਾਰਨ ਹੋ ਰਹੇ ਜਾਨੀ ਨੁਕਸਾਨ ਨੂੰ ਰੋਕਣ ਲਈ ਧਰਨਿਆਂ ਤੇ ਪ੍ਰਦਰਸ਼ਨਾਂ ਦਾ ਦੌਰ ਜਾਰੀ ਹੈ, ਫਿਰ ਵੀ ਅਵਾਰਾ ਪਸ਼ੂਆਂ ਕਾਰਨ ਕੀਮਤੀ ਜਾਨਾਂ ਅਜਾਈਂ ਜਾਣ ਦਾ ਸਿਲਸਿਲਾ ਰੁਕਣ ਦਾ ਨਾਂਅ ਨਹੀਂ ਲੈ ਰਿਹਾ।

ਕੱਲ੍ਹ ਸ਼ਾਮ ਆਪਣੇ ਘਰ ਪਰਤ ਰਹੇ ਪਿੰਡ ਵਾਂਦਰ ਜਟਾਣਾ ਦੇ 35 ਸਾਲਾ ਨੌਜਵਾਨ ਬਲਰਾਜ ਸਿੰਘ ਪੁੱਤਰ ਸਿਕੰਦਰ ਸਿੰਘ ਦੀ ਅਵਾਰਾ ਪਸ਼ੂਆਂ ਕਾਰਨ ਮੌਤ ਹੋਣ ਦੀ ਖਬਰ ਮਿਲੀ ਹੈ। ਉਹ ਆਪਣੇ ਪਿੱਛੇ ਪਤਨੀ, ਦੋ ਬੇਟਿਆਂ ਤੇ ਇੱਕ ਬੇਟੀ ਨੂੰ ਛੱਡ ਗਿਆ। ਪਿੰਡ ਵਾਸੀਆਂ ਦੇ ਲੋਕਾਂ ਨੇ ਦੱਸਿਆ ਕਿ ਉਹ ਸਥਾਨਕ ਮੁਕਤਸਰ ਸੜਕ 'ਤੇ ਗੈਸ ਏਜੰਸੀ ਨੇੜੇ ਅਵਾਰਾ ਢੱਠੇ ਨਾਲ ਟਕਰਾਉਣ ਕਾਰਨ ਮੋਟਰ ਸਾਈਕਲ ਸਮੇਤ ਡਿੱਗ ਪਿਆ ਅਤੇ ਸਿਰ 'ਤੇ ਸੱਟ ਲੱਗਣ ਕਾਰਨ ਉਸ ਦੀ ਮੌਕੇ 'ਤੇ ਮੌਤ ਹੋ ਗਈ। ਗੁੱਡ ਮੌਰਨਿੰਗ ਵੈਲਫੇਅਰ ਕਲੱਬ ਦੇ ਪ੍ਰਧਾਨ ਗੁਰ-ਬਚਨ ਸਿੰਘ ਟੋਨੀ, ਚੇਅਰਮੈਨ ਡਾਕਟਰ ਮਨਜੀਤ ਸਿੰਘ ਢਿੱਲੋਂ ਤੇ ਮੁੱਖ ਸਲਾਹਕਾਰ /ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੇ ਬਲਰਾਜ ਸਿੰਘ ਦੇ ਅਚਾਨਕ ਵਿਛੋੜੇ 'ਤੇ ਦੁੱਖ ਪ੍ਰਗਟ ਕਰਦਿਆਂ ਆਖਿਆ ਕਿ ਕਲੱਬ ਵੱਲੋਂ ਅਵਾਰਾ ਪਸ਼ੂਆਂ ਦੀ ਸਮੱਸਿਆ ਪੈਦਾ ਕਰਨ ਲਈ ਜ਼ਿੰਮੇਵਾਰ ਲੋਕਾਂ ਵਿਰੁੱਧ ਇਹ ਮਾਮਲਾ ਅਦਾਲਤ ਵਿੱਚ ਲਿਜ-ਾਇਆ ਜਾਵੇਗਾ ਤੇ ਪੀੜਤ ਪਰਵਾਰ ਨੂੰ ਇਨਸਾਫ ਦਿਵਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।

## ਚੌਕੀ ਇੰਚਾਰਜ ਜੰਡਿਆਲਾ ਟਾਊਨ ਦੀ ਗੋਲੀ ਮਾਰ ਕੇ ਕੀਤੀ ਗਈ ਸੀ ਹੱਤਿਆ

ਅੰਮ੍ਰਿਤਸਰ, 21 ਅਕਤੂਬਰ (ਪੋਸਟ ਬਿਊਰੋ)- ਕਸਬਾ ਜੰਡਿਆਲਾ ਗੁਰੂ ਦੀ ਚੌਕੀ ਦੇ ਇੰਚਾਰਜ ਸਬ ਇੰਸਪੈਕਟਰ ਸਤਿੰਦਰਪਾਲ ਸਿੰਘ ਨੇ ਖ਼ੁਦਕੁਸ਼ੀ ਨਹੀਂ ਕੀਤੀ ਸੀ, ਉਨ੍ਹਾਂ ਦੀ ਗੋਲੀ ਮਾਰ ਕੇ ਹੱਤਿਆ ਕੀਤੀ ਗਈ ਹੈ। ਪੁਲਸ ਨੇ ਆਪਣੇ ਪੁਲਸ ਅਫਸਰ ਦੀ ਮੌਤ ਦੀ ਜਾਂਚ ਕਰਦੇ ਹੋਏ ਇੱਕ ਸਾਲ ਦਾ ਸਮਾਂ ਲਾ ਦਿੱਤਾ ਹੈ।

ਅੰਮ੍ਰਿਤਸਰ ਦੀ ਲੋਹਾਰਕਾ ਰੋਡ 'ਤੇ ਦਲੀਪ ਐਵੇਨਿਊ ਵਿੱਚ ਰਹਿਣ ਵਾਲਾ ਸਬ ਇੰਸਪੈਕਟਰ ਸਤਿੰ-ਦਰਪਾਲ ਸਿੰਘ ਅੰਮ੍ਰਿਤਸਰ ਦਿਹਾਤੀ ਜ਼ਿਲੇ ਵਿੱਚ ਤੈਨਾਤ ਸੀ। ਸਤੰਬਰ 2018 ਨੂੰ ਉਸ ਸਮੇਂ ਦੇ ਐੱਸ ਐੱਸ ਪੀ ਅੰਮ੍ਰਿਤਸਰ ਦਿਹਾਤੀ ਪਰਮਪਾਲ ਸਿੰਘ ਨੇ ਉਨ੍ਹਾਂ ਨੂੰ ਚੌਕੀ ਜੰਡਿਆਲਾ ਟਾਊਨ ਦਾ ਇੰਚਾਰਜ ਲਾਇਆ ਸੀ। 18 ਦਸੰਬਰ ਨੂੰ ਉਹ ਡਿਊਟੀ ਖਤਮ ਕਰਨ ਦੇ ਬਾਅਦ ਚੌਕੀ ਦੇ ਪਿੱਛੇ ਬਣੇ ਕਮਰੇ ਵਿੱਚ ਆਰਾਮ ਕਰਨ ਚਲੇ ਗਏ। 19 ਦਸੰਬਰ ਦੀ ਸਵੇਰ ਪੁਲਸ ਮੁਲਾਜ਼ਮਾਂ ਵੱਲੋਂ ਆਰ ਐੱਸ ਐੱਸ ਦੀ ਸ਼ਾਖਾ ਉਤੇ ਡਿਊਟੀ ਦੇ ਲਈ ਜਾਣਾ ਸੀ। ਪੁਲਸ ਮੁਲਾਜ਼ਮ ਜਦ ਚੌਕੀ ਪਹੁੰਚੇ ਤਾਂ ਦੇਖਿਆ ਕਿ ਇੰਚਾਰਜ ਡਿਊਟੀ ਲਈ ਤਿਆਰ ਨਹੀਂ ਹੋਏ। ਉਨ੍ਹਾਂ ਨੇ ਇੰਚਾਰਜ ਦੇ ਕਮਰੇ ਦਾ ਦਰਵਾਜ਼ਾ ਖੜਕਾਇਆ ਤਾਂ ਅੰਦਰੋਂ ਕੋਈ ਆਵਾਜ਼ ਨਹੀਂ ਆਈ। ਦਰਵਾਜ਼ਾ ਖੋਲ੍ਹ ਕੇ ਦੇਖਿਆ ਤਾਂ ਸਤਿੰਦਰਪਾਲ ਸਿੰਘ ਦੀ ਲਾਸ਼ ਖ਼ੂਨ ਨਾਲ ਲਥਪਥ ਪਈ ਹੋਈ ਸੀ। ਸਿਰ 'ਤੇ ਗੋਲੀ ਲੱਗੀ ਹੋਈ ਸੀ। ਉਸ ਸਮੇਂ ਪੁਲਸ ਨੇ ਧਾਰਾ 175 ਦੇ ਤਹਿਤ ਕਾਰਵਾਈ ਕੀਤੀ ਸੀ।



ਮ੍ਰਿਤਕ ਦੀ ਪਤਨੀ ਗੁਰਮੀਤ ਕੌਰ ਨੇ ਪੁਲਸ ਵਿਭਾਗ ਵਿੱਚ ਆਪਣੇ ਪਤੀ ਦੀ ਮੌਤ ਬਾਰੇ ਸ਼ਿਕਾਇਤ ਕੀਤੀ ਸੀ। ਉਸ ਦੇ ਪਤੀ ਨੇ ਕਈ ਖਤਰਨਾਕ ਅਪਰਾਧੀਆਂ ਨੂੰ ਫੜਿਆ ਸੀ ਅਤੇ ਬਹਾਦੁਰੀ ਅਤੇ ਨਿਡਰਤਾ ਦੇ ਇਲਾਵਾ ਈਮਾਨਦਾਰੀ ਨਾਲ ਨੌਕਰੀ ਕਰਦੇ ਸਨ। ਇਸ ਕਾਰਨ ਉਨ੍ਹਾਂ ਨੂੰ ਧਮਕੀਆਂ ਵੀ ਮਿਲੀਆਂ ਸਨ। ਇਸ ਬਾਰੇ ਉਸ ਦੇ ਪਤੀ ਨੇ ਉਨ੍ਹਾਂ ਨੂੰ ਵੀ ਦੱਸਿਆ ਸੀ। 19 ਦਸੰਬਰ ਨੂੰ ਉਸ ਦੇ ਪਤੀ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ। ਉਸ ਨੂੰ ਯਕੀਨ ਹੈ ਕਿ ਉਸ ਦੇ ਪਤੀ ਦੀ ਕਿਸੇ ਗੈਂਗਸਟਰ ਵੱਲੋਂ ਗੋਲੀ ਮਾਰ ਕੇ ਹੱਤਿਆ ਕੀਤੀ ਹੈ। ਉਸ ਦੇ ਪਤੀ ਦੀ ਮੌਤ ਇੱਕ ਸਾਜ਼ਿਸ਼ ਹੈ।

ਐੱਸ ਐੱਸ ਪੀ ਅੰਮ੍ਰਿਤਸਰ ਦਿਹਾਤੀ ਵੱਲੋਂ ਕੇਸ ਦੀ ਜਾਂਚ ਐੱਸ ਪੀ ਇਨਵੈਸਟੀਗੇਸ਼ਨ ਨੂੰ ਸੌਂਪੀ ਗਈ। ਇਸ ਜਾਂਚ ਰਿਪੋਰਟ ਵਿੱਚ ਪੁਲਸ ਵਿਭਾਗ ਨੇ ਮੰਨਿਆ ਹੈ ਕਿ ਸਤਿੰ-ਦਰਪਾਲ ਸਿੰਘ ਦੀ ਮੌਤ ਖ਼ੁਦਕੁਸ਼ੀ ਨਹੀਂ ਸੀ, ਉਸ ਦੀ ਹੱਤਿਆ ਕੀਤੀ ਗਈ ਹੈ। ਇਸ ਰਿਪੋਰਟ ਦੇ ਬਾਅਦ ਥਾਣਾ ਜੰਡਿਆਲਾ ਗੁਰੂ ਵਿੱਚ ਅਣਪਛਾਤੇ ਵਿਅਕਤੀ ਦੇ ਖਿਲਾਫ ਹੱਤਿਆ ਦਾ ਕੇਸ ਦਰਜ ਕਰ ਕੇ ਮਾਮਲੇ ਦੀ ਜਾਂਚ ਐੱਸ ਐੱਚ ਓ ਅਮੋਲਕ ਨੂੰ ਸੌਂਪੀ।

## ਸਾਊਦੀ ਅਰਬ ਵਿੱਚ ਫਸੇ ਪੰਜਾਬੀਆਂ ਨੇ ਮਦਦ ਦੀ ਗੁਹਾਰ ਲਾਈ

ਅੰਮ੍ਰਿਤਸਰ, 21 ਅਕਤੂਬਰ (ਪੋਸਟ ਬਿਊਰੋ)- ਸਾਊਦੀ ਅਰਬ 'ਚ ਫਸੇ ਪੰਜਾਬੀਆਂ ਦੀ ਇੱਕ ਹੋਰ ਦਰਦ ਭਰੀ ਵੀਡੀਓ ਸਾਹਮਣੇ ਆਈ ਹੈ, ਜਿਸ ਵਿੱਚ ਦੋ ਨੌਜਵਾਨ ਹਾੜੇ ਪਾ ਰਹੇ ਨੇ ਕਿ ਉਨ੍ਹਾਂ ਨੂੰ ਵਾਪਸ ਆਪਣੀ ਮਿੱਟੀ 'ਤੇ ਕਿਸੇ ਤਰੀਕੇ ਸੱਦ ਲਿਆ ਜਾਵੇ। ਉਨ੍ਹਾਂ ਦੱਸਿਆ ਕਿ ਇਥੇ ਉਨ੍ਹਾਂ ਤੋਂ ਵੱਧ ਕੰਮ ਲਿਆ ਜਾਂਦਾ ਅਤੇ ਤਨਖਾਹ ਨਹੀਂ ਦਿੱਤੀ ਜਾਂਦੀ ਤੇ ਬੇਰਹਿਮੀ ਨਾਲ ਕੁੱਟਿਆ ਵੀ ਜਾ ਰਿਹਾ ਹੈ। ਇਨ੍ਹਾਂ ਪੰਜਾਬੀਆਂ 'ਚੋਂ ਇੱਕ ਦਾ ਨਾਂਅ ਹਰਪ੍ਰੀਤ ਅਤੇ ਦੂਜੇ ਦਾ ਗੁਰਵਿੰਦਰ ਸਿੰਘ ਹੈ। ਹਰਪ੍ਰੀਤ ਗੁਰਦਾਸਪੁਰ ਦੇ ਪਿੰਡ ਦਾਲਮ ਦਾ ਅਤੇ ਗੁਰਵਿੰਦਰ ਰੋਪੜ ਦਾ ਰਹਿਣ ਵਾਲਾ ਹੈ।




ਇਸੇ ਦੀ ਜਾਣਕਾਰੀ ਦਿੰਦਿਆਂ ਉਨ੍ਹਾਂ ਦੇ ਮਾਪਿਆਂ ਨੇ ਦੱਸਿਆ ਕਿ ਸਾਲ 2018 ਵਿੱਚ ਆਪਣੀ ਪੁੱਤਰ ਨੂੰ ਸਾਊਦੀ ਅਰਬ ਭੇਜਿਆ ਸੀ ਤਾਂ ਜੋ ਉਹ ਘਰ ਦੀ ਗਰੀਬੀ ਦੂਰ ਕਰ ਸਕੇ, ਪਰ ਉਥੇ ਹਰਪ੍ਰੀਤ 'ਤੇ ਹੁੰਦੇ ਤਸ਼ੱਦਦ ਨੇ ਪਰਵਾਰ 'ਤੇ ਕਹਿਰ ਢਾਹ ਦਿੱਤਾ ਹੈ। ਉਹ ਭਾਰਤ ਸਰਕਾਰ ਤੇ ਵਿਦੇਸ਼ ਮੰਤਰਾਲੇ ਨੂੰ ਕਈ ਚਿੱਠੀਆਂ ਪਾ ਚੁੱਕੇ ਹਨ, ਪਰ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ। ਵਿਦੇਸ਼ ਭੇਜਣ ਵਾਲੇ ਏਜੰਟ ਵਿਰੁੱਧ ਪੁਲਸ ਨੇ ਮਾਮਲਾ ਦਰਜ ਕਰ ਲਿਆ ਤੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਅਜਿਹੇ ਪੀੜਤ ਪਰਵਾਰਾਂ ਦੀ ਪਹਿਲਾਂ ਤੋਂ ਮਦਦ ਕਰ ਚੁੱਕੇ ਭਗਵੰਤ ਮਾਨ ਅਤੇ ਸੰਨੀ ਦਿਓਲ ਨੂੰ ਵੀ ਚਾਹੀਦਾ ਹੈ ਕਿ ਉਹ ਖੁਦ ਇਨ੍ਹਾਂ ਦੀ ਮਦਦ ਲਈ ਅੱਗੇ ਆਉਣ।

## ਬੈਂਕ ਵਿਚ ਪੈਸੇ ਜਮ੍ਹਾਂ ਕਰਵਾਉਣ ਗਏ ਨੌਜਵਾਨ ਨੂੰ ਠੱਗਾਂ ਨੇ ਹਿਪਨੋਟਾਈਜ਼ ਕਰ ਕੇ 36 ਹਜ਼ਾਰ ਲੁੱਟੇ

ਨਕੋਦਰ, 21 ਅਕਤੂਬਰ (ਪੋਸਟ ਬਿਊਰੋ)- ਸ਼ਨੀਵਾਰ ਸਵੇਰੇ ਕਰੀਬ 11 ਵਜੇ ਬੈਂਕ ਵਿੱਚ ਪੈਸੇ ਜਮ੍ਹਾ ਕਰਵਾਉਣ ਗਏ ਇੱਕ ਨੌਜਵਾਨ ਨੂੰ ਦੋ ਠੱਗਾਂ ਨੇ ਹਿਪਨੋਟਾਈਜ਼ ਕਰ ਦਿੱਤਾ ਅਤੇ 10000 ਦੀ ਨਕਦੀ ਲੁੱਟ ਲਈ। ਪੀੜਤ ਨੇ ਠੱਗਾਂ ਨੂੰ ਏ ਟੀ ਐੱਮ ਕਾਰਡ ਅਤੇ ਉਸ ਦਾ ਪਾਸਵਰਡ ਵੀ ਦੇ ਦਿੱਤਾ। ਫਿਰ ਠੱਗਾਂ ਨੇ ਅੱਧੇ ਘੰਟੇ ਵਿੱਚ ਏ ਟੀ ਐੱਮ 'ਚੋਂ 26 ਹਜ਼ਾਰ ਹੋਰ ਕਢਵਾ ਲਏ। ਠੱਗ ਨੌਜਵਾਨ ਦਾ ਮੋਬਾਈਲ ਫੋਨ ਵੀ ਲੈ ਗਏ।

ਖੱਦਰ ਭੰਡਾਰੀ ਕਲੋਨੀ ਦੇ ਵਸਨੀਕ ਵਿਜੇ ਕੁਮਾਰ ਪੁੱਤਰ ਪ੍ਰਮੋਦ ਪ੍ਰਸਾਦ ਨੇ ਦੱਸਿਆ ਕਿ ਉਹ 12ਵੀਂ ਜਮਾਤ ਦਾ ਵਿਦਿਆਰਥੀ ਹੈ ਤੇ ਅਖਬਾਰਾਂ ਵੰਡਣ ਦਾ ਕੰਮ ਕਰਦਾ ਹੈ। ਮਕਾਨ ਬਣਾਉਣ ਲਈ ਕਰਜ਼ਾ ਲਿਆ ਸੀ। ਇਹ ਪੈਸਾ ਉਸ ਦੇ ਖਾਤੇ 'ਚ ਸੀ। ਸ਼ਨੀਵਾਰ ਸਵੇਰੇ 11 ਵਜੇ ਦੇ ਕਰੀਬ, ਜਲੰਧਰ ਰੋਡ ਤੋਂ ਐੱਸ ਬੀ ਆਈ ਦੇ ਏ ਟੀ ਐੱਮ ਤੋਂ ਆਪਣੀ ਭਾਬੀ ਦੇ ਖਾਤੇ 'ਚੋਂ 10 ਹਜ਼ਾਰ ਰੁਪਏ ਕਢਵਾਏ ਅਤੇ ਇਹ ਰਕਮ ਉਸ ਨੇ ਆਪਣੇ ਖਾਤੇ 'ਚ ਜਮ੍ਹਾ ਕਰਵਾਉਣੀ ਸੀ। ਜਦੋਂ ਉਹ ਮਸ਼ੀਨ 'ਚ ਪੈਸੇ ਜਮ੍ਹਾ ਕਰਵਾ ਰਿਹਾ ਸੀ ਤਾਂ




ਇੱਕ ਲੜਕਾ ਉਸ ਕੋਲ ਆਇਆ ਤੇ ਕਿਹਾ ਕਿ ਉਹ ਉਸ ਨਾਲ ਗੱਲ ਕਰਨਾ ਚਾਹੁੰਦਾ ਹੈ। ਉਹ ਏ ਟੀ ਐੱਮ 'ਚੋਂ ਬਾਹਰ ਆਇਆ ਅਤੇ ਉਸ ਨਾਲ ਗੱਲ ਕਰਨ ਲੱਗ ਗਿਆ। ਵਿਜੇ ਕੁਮਾਰ ਨੇ ਦੱਸਿਆ ਕਿ ਗੱਲਬਾਤ ਦੌਰਾਨ ਦੋਵੇਂ ਠੱਗ ਉਸ ਨੂੰ ਹਿਪਨੋਟਾਈਜ਼ ਕਰਕੇ ਜੇਬ ਉਸ ਦੀ 'ਚੋਂ 10 ਹਜ਼ਾਰ ਰੁਪਏ, ਏ ਟੀ ਐੱਮ ਕਾਰਡ ਤੇ ਮੋਬਾਈਲ ਫੋਨ ਲੈ ਗਏ। ਦੋਵੇਂ ਠੱਗਾਂ ਨੇ ਉਸ ਦੇ ਏ ਟੀ ਐੱਮ ਦੀ ਵਰਤੋਂ ਕਰ ਕੇ ਉਸ ਦੇ ਇੱਕ ਖਾਤੇ 'ਚੋਂ 26 ਹਜ਼ਾਰ ਰੁਪਏ ਹੋਰ ਕਢਵਾ ਲਏ। ਉਸ ਨੇ ਆਪਣੇ ਪਰਵਾਰਕ ਮੈਂਬਰਾਂ ਸਮੇਤ ਤੁਰੰਤ ਨਕੋਦਰ ਸਿਟੀ ਥਾਣੇ ਘਟਨਾ ਸੰਬੰਧੀ ਸੂਚਿਤ ਕੀਤਾ। ਏ ਐੱਸ ਆਈ ਜੀਤ ਸਿੰਘ ਨੇ ਦੱਸਿਆ ਕਿ ਸ਼ਿਕਾਇਤ ਮਿਲ ਗਈ ਹੈ ਅਤੇ ਪੁਲਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਮੁਲਜ਼ਮ ਨੇ ਗਲਤਫਹਿਮੀ ਵਿੱਚ ਕੀਤਾ ਸੀ ਵਿਦਿਆਰਥੀ ਦਾ ਕਤਲ

ਫਗਵਾੜਾ, 21 ਅਕਤੂਬਰ (ਪੋਸਟ ਬਿਊਰੋ)- ਕੱਲ੍ਹ ਰਾਤ ਹਵੇਲੀ ਰੈਸਟੋਰੈਂਟ ਅੱਗ ਚਾਕੂ ਮਾਰ ਕੇ ਲਵਲੀ ਯੂਨੀਵਰਸਿਟੀ ਦੇ ਇੱਕ ਵਿਦਿਆਰਥੀ ਦਾ ਕਤਲ ਕੀਤੇ ਜਾਣ ਦਾ ਮਾਮਲਾ ਪੁਲਸ ਨੇ ਕਾਫੀ ਹੱਦ ਤੱਕ ਸੁਲਝਾ ਲਿਆ ਹੈ।

ਇਸ ਮਾਮਲੇ ਵਿੱਚ ਜਾਂਚ ਅਧਿਕਾਰੀ ਬਲਵਿੰਦਰ ਰਾਏ ਨੇ ਦੱਸਿਆ ਕਿ ਜਸਪਿੰਦਰ ਸਿੰਘ ਵਾਸੀ ਸੈਫਲਾਬਾਦ ਆਪਣੀ ਪਤਨੀ ਰਮਨਦੀਪ ਕੌਰ ਤੇ ਸੁਖਜੀਤ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਭੰਡਾਲ ਬੇਟ ਹਵੇਲੀ ਵਿੱਚ ਖਾਣਾ ਖਾਣ ਆਇਆ ਸੀ। ਇਸ ਦੌਰਾਨ ਬਾਹਰ ਸਜਾਏ ਗਏ ਮੈਸੀ ਟਰੈਕਟਰ ਉਤੇ ਬੈਠ ਕੇ ਫੋਟੋ ਖਿਚਾਉਣ ਲਈ ਉਨ੍ਹਾਂ ਦੀ ਦੂਸਰੀ ਧਿਰ ਨਾਲ ਲੜਾਈ ਹੋ ਗਈ ਤਾਂ ਇਨ੍ਹਾਂ ਨੇ ਦੂਜੀ ਧਿਰ ਦੇ ਇੱਕ ਲੜਕੇ ਦੇ ਚਾਕੂ ਮਾਰ ਦਿੱਤਾ। ਇਸ ਦੌਰਾਨ ਨੌਜਵਾਨ ਕਰਨ ਸੈਣੀ ਪੁੱਤਰ ਕੈਲਾਸ਼ ਚੰਦਰ ਵਾਸੀ ਤਫੱਜਲਪੁਰ, ਪਟਿਆਲਾ ਆਪਣੇ ਸਾਥੀਆਂ ਨਾਲ




ਉਥੇ ਘੁੰਮ ਰਿਹਾ ਸੀ। ਉਹ ਪਾਰਕਿੰਗ 'ਚੋਂ ਆਪਣੀ ਐਕਟਿਵਾ ਲੈਣਾ ਗਿਆ ਤਾਂ ਜਸਪਿੰਦਰ ਨੇ ਸਮਝਿਆ ਕਿ ਉਹ ਵੀ ਦੂਸਰੀ ਧਿਰ ਦਾ ਵਿਅਕਤੀ ਹੈ। ਇਹ ਸੋਚ ਕੇ ਉਸ ਨੇ ਕਰਨ ਦੀ ਛਾਤੀ ਵਿੱਚ ਚਾਕੂ ਮਾਰ ਦਿੱਤਾ, ਜਿਸ ਕਾਰਨ ਕਰਨ ਦੀ ਮੌਤ ਹੋ ਗਈ ਸੀ। ਜਸਪਿੰਦਰ ਤਿੰਨ ਦਿਨ ਦੇ ਪੁਲਸ ਰਿਮਾਂਡ ਉੱਤੇ ਹੈ ਤੇ ਉਸ ਨੇ ਪੁਲਸ ਕੋਲ ਮੰਨਿਆ ਹੈ ਕਿ ਟਰੈਕਟਰ 'ਤੇ ਫੋਟੋ ਖਿਚਾਉਣ ਤੋਂ ਲੜਾਈ ਹੋਈ ਸੀ। ਉਸ ਦੀ ਪਤਨੀ ਰਮਨਵੀਰ ਕੌਰ ਤੇ ਸੁਖਜੀਤ ਸਿੰਘ ਦੋਹਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਜਾਂਚ ਅਧਿਕਾਰੀ ਬਲਵਿੰਦਰ ਰਾਏ ਨੇ ਦੱਸਿਆ ਕਿ ਇਸ ਮਾਮਲੇ 'ਚ ਮੁਲਜ਼ਮਾਂ ਵੱਲੋਂ ਕਰਨ ਸੈਣੀ ਦਾ ਕਤਲ ਕਰਨ ਤੋਂ ਪਹਿਲਾਂ ਇੱਕ ਹੋਰ ਨਵੇਂ ਵਿਆਹੇ ਜੋੜੇ ਨਾਲ ਲੜਾਈ ਕੀਤੀ ਗਈ ਸੀ ਅਤੇ ਉਹ ਵੀ ਟਰੈਕਟਰ 'ਤੇ ਬੈਠ ਕੇ ਫੋਟੋ ਖਿਚਵਾਉਣ ਬਾਰੇ ਹੋਈ ਸੀ। ਪੁਲਸ ਵੱਲੋਂ ਉਸ ਜੋੜੇ ਦੀ ਭਾਲ ਕੀਤੀ ਜਾ ਰਹੀ ਹੈ, ਜਿਸ ਬਾਰੇ ਅਜੇ ਤਾਈ ਕੋਈ ਸੁਰਾਗ ਨਹੀਂ ਲੱਗ ਸਕਿਆ ਹੈ।

## ਸੜਕ ਹਾਦਸੇ ਵਿੱਚ ਇੱਕ ਜਣੇ ਦੀ ਮੌਤ

ਗਿੱਦੜਬਾਹਾ, 21 ਅਕਤੂਬਰ (ਪੋਸਟ ਬਿਊਰੋ)- ਕੱਲ੍ਹ ਰਾਤ ਬਠਿੰਡਾ-ਮਲੋਟ ਨੈਸ਼ਨਲ ਹਾਈਵੇ ਉਤੇ ਮਾਰਕਫੈੱਡ ਪਲਾਂਟ ਦੇ ਨਜ਼ਦੀਕ ਸੜਕ ਹਾਦਸੇ ਵਿੱਚ ਇੱਕ ਜਣੇ ਦੀ ਮੌਤ ਹੋ ਗਈ ਤੇ ਦੂਜਾ ਗੰਭੀਰ ਜ਼ਖਮੀ ਹੋ ਗਿਆ। ਜ਼ਖਮੀ ਵਿਅਕਤੀ ਨੂੰ ਉਥੋਂ ਲੰਘਦੇ ਤਹਿਸੀਲਦਾਰ ਅਬੋਹਰ ਜੇ ਐੱਸ ਬਰਾੜ ਨੇ ਇਲਾਜ ਲਈ ਸਿਵਲ ਹਸਪਤਾਲ ਦਾਖਲ ਕਰਾਇਆ।

ਸਿਵਲ ਹਸਪਤਾਲ ਗਿੱਦੜਬਾਹਾ ਵਿੱਚ ਜ਼ੇਰੇ ਇਲਾਜ ਜਸਪਾਲ ਸਿੰਘ ਵਾਸੀ ਰਾਜਪੁਰਾ ਨੇ ਦੱਸਿਆ ਕਿ ਉਹ ਆਪਣੇ ਕੈਂਟਰ 'ਤੇ ਅਬੋਹਰ ਤੋਂ ਰਾਜਪੁਰਾ ਜਾ ਰਿਹਾ ਸੀ। ਇਸੇ ਦੌਰਾਨ ਜਦ ਉਹ ਸਥਾਨਕ ਮਾਰਕਫੈੱਡ ਪਲਾਂਟ ਦੇ ਨਜ਼ਦੀਕ ਪੁੱਜਾ ਤਾਂ ਸਾਈਡ ਉਤੇ ਖੜ੍ਹੇ ਟਰੈਕਟਰ ਟਰਾਲੀ ਨੂੰ ਚਲਾਕ ਅਚਾਨਕ ਸੜਕ ਦੇ ਵਿਚਕਾਰ ਲੈ ਆਇਆ, ਜਿਸ ਕਾਰਨ ਕੈਂਟਰ ਬੇਕਾਬੂ ਹੋ ਕੇ ਟਰਾਲੀ ਦੇ ਪਿੱਛੇ ਜਾ ਟਕਰਾਇਆ ਅਤੇ ਉਹ ਜ਼ਖਮੀ ਹੋ ਗਿਆ, ਜਦ ਕਿ ਉਸ ਦੇ ਸਾਥੀ ਦੀ ਮੌਕੇ 'ਤੇ ਮੌਤ ਹੋ ਗਈ। ਇਸ ਤੋਂ ਬਾਅਦ ਟਰੈਕਟਰ ਟਰਾਲੀ ਚਾਲਕ ਮੌਕੇ ਤੋਂ ਟਰੈਕਟਰ ਟਰਾਲੀ ਸਮੇਤ ਫਰਾਰ ਹੋ ਗਿਆ। ਓਥੇ ਪਹੁੰਚੇ ਹਾਈਵੇਅ ਹਾਈਟੈਕ ਦੇ ਪੁਲਸ ਕਰਮਚਾਰੀਆਂ ਨੇ ਕੈਂਟਰ ਦੇ ਪਿਛਲੇ ਟਾਇਰ ਹੇਠੋਂ ਮ੍ਰਿਤਕ ਵਿਅਕਤੀ ਨੂੰ ਬਾਹਰ ਕੱਢਿਆ ਅਤੇ ਲਾਸ਼ ਨੂੰ ਸਿਵਲ ਹਸਪਤਾਲ ਗਿੱਦੜਬਾਹਾ ਰਖਵਾਇਆ।

## ਘਰ 'ਚ ਪਏ ਕਬਾੜ ਵਿੱਚੋਂ ਨੌਜਵਾਨ ਦੀ ਗਲੀ ਸੜੀ ਲਾਸ਼ ਬਰਾਮਦ

ਮੋਗਾ, 21 ਅਕਤੂਬਰ (ਪੋਸਟ ਬਿਊਰੋ)- ਸਥਾਨਕ ਸ਼ਹਿਰ ਦੇ ਸਰਦਾਰ ਨਗਰ ਵਿੱਚ ਘਰ ਅੰਦਰ ਪਏ ਕਬਾੜ ਵਿੱਚੋਂ ਨੌਜਵਾਨ ਦੀ ਭੇਤ ਭਰੇ ਹਾਲਾਤਾਂ ਵਿੱਚ ਗਲੀ ਸੜੀ ਲਾਸ਼ ਬਰਾਮਦ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।

ਮ੍ਰਿਤਕ ਨੌਜਵਾਨ ਨਵਦੀਪ ਸਿੰਘ ਗਿੱਲ ਦੇ ਪਿਤਾ ਬਲਵੰਤ ਸਿੰਘ ਨੇ ਦੱਸਿਆ ਕਿ ਉਹ ਲੁਧਿਆਣਾ ਰਹਿੰਦੇ ਹਨ ਤੇ ਉਨ੍ਹਾਂ ਦਾ ਇਕਲੌਤਾ ਲੜਕਾ ਨਵਦੀਪ ਸਿੰਘ, ਜੋ ਘਰੋਂ ਚੰਡੀਗੜ੍ਹ ਜਾਣ ਦਾ ਕਹਿ ਕੇ ਚਲਾ ਗਿਆ ਸੀ, ਉਹ ਮੋਗਾ ਵਿੱਚ ਮੇਰੇ ਘਰ ਆ ਕੇ ਰਹਿਣ ਲੱਗਾ। ਉਨ੍ਹਾਂ ਕਿਹਾ ਕਿ ਕੱਲ੍ਹ ਆਸਪਾਸ ਦੇ ਘਰਾਂ ਨੂੰ ਜਦੋਂ ਘਰ ਵਿੱਚੋਂ ਬਦਬੂ ਆਉਣ ਲੱਗੀ ਤਾਂ ਉਨ੍ਹਾਂ ਨੂੰ ਸ਼ੱਕ ਹੋਇਆ ਅੰਦਰ ਕੋਈ ਚੀਜ਼ ਮਰੀ ਪਈ ਹੈ ਤੇ ਉਨ੍ਹਾਂ ਮੋਗਾ ਪੁਲਸ ਨੂੰ ਦੱਸਿਆ। ਪੁਲਸ ਨੇ ਪਰਵਾਰਕ ਮੈਂਬਰਾਂ ਨੂੰ ਬੁਲਾਇਆ ਕਿ ਤੁਹਾਡੇ ਘਰ ਅੰਦਰ ਕਿਸੇ ਚੀਜ਼ ਦੇ ਮਰੇ ਹੋਣ ਦਾ ਖਦਸ਼ਾ ਹੈ ਤਾਂ ਮ੍ਰਿਤਕ ਦੇ ਪਿਤਾ ਨੇ ਮੌਕੇ 'ਤੇ ਪਹੁੰਚ ਕੇ ਘਰ ਦੇ ਦਰਵਾਜ਼ੇ ਖੋਲ੍ਹੇ ਤਾਂ ਨੌਜਵਾਨ ਨੰਗੀ ਹਾਲਤ ਵਿੱਚ ਮਰਿਆ ਪਿਆ ਸੀ ਅਤੇ ਲਾਸ਼ ਬੁਰੀ ਤਰ੍ਹਾਂ ਨਾਲ ਗਲੀ ਸੜੀ ਪਈ ਸੀ। ਮ੍ਰਿਤਕ ਦੇ ਪਿਤਾ ਨੇ ਲਾਸ਼ ਨੂੰ ਪਛਾਣ ਲਿਆ। ਮੌਕੇ 'ਤੇ ਪੁੱਜੇ ਡੀ ਐੱਸ ਪੀ ਪਰਮਜੀਤ ਸਿੰਘ ਨੇ ਦੱਸਿਆ ਕਿ ਨੌਜਵਾਨ ਦੀ ਲਾਸ਼ ਬਰਾਮਦ ਕਰ ਲਈ ਗਈ ਅਤੇ 174 ਦੀ ਕਾਰਵਾਈ ਗਈ ਹੈ।

## ਅਦਾਲਤ ਵਿੱਚ ਭਰਾ ਦਾ ਡੈੱਥ ਸਰਟੀਫਿਕੇਟ ਦਿੱਤਾ, ਜਾਂਚ ਦੌਰਾਨ ਜਿੰਦਾ ਮਿਲਿਆ

ਲੁਧਿਆਣਾ, 21 ਅਕਤੂਬਰ (ਪੋਸਟ ਬਿਊਰੋ)- ਨਸ਼ਾ ਤਸਕਰੀ ਦੇ ਕੇਸ ਵਿੱਚ ਜ਼ਮਾਨਤ 'ਤੇ ਬਾਹਰ ਆਏ ਭਰਾ ਦੇ ਬਚਾਅ ਲਈ ਦੂਸਰੇ ਭਰਾ ਨੇ ਕੋਰਟ ਵਿੱਚ ਫਰਜ਼ੀ ਡੈੱਥ ਸਰਟੀਫਿਕੇਟ ਦੇ ਦਿੱਤਾ। ਜਦ ਪੁਲਸ ਦੀ ਜਾਂਚ ਵਿੱਚ ਇਹ ਝੂਠਾ ਪਾਇਆ ਗਿਆ ਤਾਂ ਥਾਣਾ ਡਵੀਜ਼ਨ ਪੰਜ ਪੁਲਸ ਨੇ ਕੋਰਟ ਦੇ ਹੁਕਮਾਂ 'ਤੇ ਪਰਚਾ ਦਰਜ ਕਰ ਦਿੱਤਾ। ਪੁਲਸ ਨੇ ਦੋਸ਼ੀ ਹਰਪਾਲ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ, ਜਦ ਕਿ ਉਸ ਦਾ ਭਰਾ ਨਰਪਾਲ ਸਿੰਘ ਅਜੇ ਫਰਾਰ ਹੈ।

ਪੁਲਸ ਦੇ ਮੁਤਾਬਕ 2017 ਵਿੱਚ ਥਾਣਾ ਰਾਇਕੋਟ ਪੁਲਸ ਨੇ ਹਰਪਾਲ ਸਿੰਘ ਨੂੰ ਨਸ਼ਾ ਤਸਕਰੀ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਸੀ। ਇਸ ਦੇ ਕੁਝ ਸਮੇਂ ਬਾਅਦ ਦੋਸ਼ੀ ਜੇਲ੍ਹ ਤੋਂ ਜ਼ਮਾਨਤ 'ਤੇ ਬਾਹਰ ਆ ਗਿਆ। ਇਸ ਦੌਰਾਨ ਹਰਪਾਲ ਦੇ ਭਰਾ ਨਰਪਾਲ ਨੇ ਉਸ ਨੂੰ ਕੋਰਟ ਦੇ ਚੱਕਰਾਂ ਤੋਂ ਛੁਟਕਾਰਾ ਦਿਵਾਉਣ ਲਈ ਉਸ ਦਾ ਇੱਕ ਫਰਜ਼ੀ ਡੈੱਥ ਸਰਟੀਫਿਕੇਟ ਬਣਵਾਇਆ ਅਤੇ ਅਦਾਲਤ ਵਿੱਚ ਲਗਾ ਦਿੱਤਾ ਕਿ ਉਸ ਦੇ ਭਰਾ ਹਰਪਾਲ ਦੀ ਬਿਮਾਰੀ ਦੇ ਕਾਰਨ ਮੌਤ ਹੋ ਗਈ। ਉਕਤ ਕੇਸ ਵਿੱਚ ਅਦਾਲਤ ਨੂੰ ਸ਼ੱਕ ਹੋਇਆ ਤਾਂ ਜੱਜ ਨੇ ਐੱਸ ਐੱਸ ਪੀ ਨੂੰ ਇਸ ਦੀ ਜਾਂਚ ਦੇ ਹੁਕਮ ਦਿੱਤੇ, ਜਿਸ ਦੇ ਬਾਅਦ ਐੱਸ ਐੱਚ ਓ ਰਾਏਕੋਟ ਨੂੰ ਮਾਮਲੇ ਦੀ ਜਾਂਚ ਸੌਂਪੀ ਗਈ। ਕਰੀਬ ਇੱਕ ਹਫਤਾ ਜਾਂਚ ਵਿੱਚ ਐੱਸ ਐੱਚ ਓ ਨੇ ਦੋਸ਼ੀਆਂ ਦੇ ਪਿੰਡ ਤਲਵੰਡੀ ਭਾਈ ਦੇ ਲੋਕਾਂ ਅਤੇ ਸ਼ਮਸ਼ਾਨਘਾਟ ਵਿੱਚ ਇਸ ਦੇ ਬਾਰੇ ਪੁੱਛਗਿੱਛ ਕੀਤੀ। ਪਤਾ ਲੱਗਾ ਕਿ ਨਰਪਾਲ ਦਾ ਭਰਾ ਹਰਪਾਲ ਜਿੰਦਾ ਹੈ, ਜਿਸ ਦੀ ਰਿਪੋਰਟ ਬਣਾ ਕੇ ਐੱਸ ਐੱਚ ਓ ਨੇ ਕੋਰਟ ਵਿੱਚ ਦਿੱਤੀ ਸੀ।

## ਗਾਇਕ ਗੈਰੀ ਸੰਧੂ ਦੇ ਸ਼ੋਅਰੂਮ ਵਿੱਚੋਂ ਲੱਖਾਂ ਦੇ ਕੱਪੜੇ, 20 ਹਜ਼ਾਰ ਨਕਦੀ ਚੋਰੀ

ਜਲੰਧਰ, 21 ਅਕਤੂਬਰ (ਪੋਸਟ ਬਿਊਰੋ)- ਫਗਵਾੜਾ ਰੋਡ 'ਤੇ ਪੰਜਾਬੀ ਗਾਇਕ ਗੈਰੀ ਸੰਧੂ ਦੇ ਰੈਡੀਮੇਡ ਕੱਪੜਿਆਂ ਦੇ ਸ਼ੋਅਰੂਮ ਫ੍ਰੈਸ਼ ਕੁਲੈਕਸ਼ਨ 'ਚੋਂ ਚੋਰ ਤਿੰਨ ਹਜ਼ਾਰ ਦੇ ਕਰੀਬ ਰੈਡੀਮੇਡ ਕੱਪੜਿਆਂ ਦੇ ਪੀਸ ਸਮੇਤ 20 ਹਜ਼ਾਰ ਦੀ ਨਕਦੀ ਚੋਰੀ ਕਰ ਕੇ ਲੈ ਗਏ। ਸ਼ਨੀਵਾਰ ਅਤੇ ਐਤਵਾਰ ਦੀ ਅੱਧੀ ਰਾਤ ਨੂੰ ਚੋਰੀ ਦੀ ਇਹ ਘਟਨਾ ਸ਼ੋਅਰੂਮ ਦੇ ਸੀ ਸੀ ਟੀ ਵੀ ਕੈਮਰਿਆਂ ਵਿੱਚ ਕੈਦ ਹੋ ਗਈ, ਪਰ ਫੁਟੇਜ ਇੰਨੀ ਸਾਫ ਨਹੀਂ ਹੈ ਕਿ ਚੋਰਾਂ ਨੂੰ ਪਛਾਣਿਆ ਜਾ ਸਕੇ।ਦੇਖ ਕੇ ਪਤਾ ਚੱਲਦਾ ਹੈ ਕਿ ਵਾਰਦਾਤ ਤਿੰਨ ਜਣੇ ਆਏ ਸਨ, ਜੋ ਸ਼ੋਅਰੂਮ ਦੇ ਸ਼ਟਰ ਨੂੰ ਕਿਸੇ ਜੈੱਕ ਨੁਮਾ ਚੀਜ਼ ਦੇ ਰਾਹੀਂ ਉਪਰ ਚੁੱਕ ਕੇ ਉਸ ਅੰਦਰ ਦਾਖਲ ਹੋਏ ਅਤੇ ਇੱਕ ਘੰਟੇ ਦੇ ਅੰਦਰ ਸ਼ੋਅਰੂਮ ਨੂੰ ਖਾਲੀ ਕਰ ਕੇ ਮੌਕੇ ਤੋਂ ਫਰਾਰ ਹੋ ਗਏ।



ਥਾਣਾ ਕੈਂਟ ਦੇ ਏ ਐਸ ਆਈ ਰਾਮ ਲੁਭਾਇਆ ਦੇ ਮੁਤਾਬਕ ਪੰਜਾਬੀ ਗਾਇਕ ਗੈਰੀ ਸੰਧੂ ਤੇ ਅੰਕੁਰ ਅਗਰਵਾਲ ਪਾਰਟਨਰਸ਼ਿਪ ਵਿੱਚ ਫ੍ਰੈਸ਼ ਕੁਲੈਕਸ਼ਨ ਦੇ ਨਾਂਅ ਤੋਂ ਸੂਬੇ ਦੇ ਵੱਖ-ਵੱਖ ਸ਼ਹਿਰਾਂ ਵਿੱਚ ਰੈਡੀਮੇਡ ਕੱਪੜਿਆਂ ਨੂੰ ਚੇਨ ਸਟੋਰ ਚਲਾਉਂਦੇ ਹਨ। ਜਲੰਧਰ ਵਿੱਚ ਇਹ ਸਟੋਰ ਮੈਕਡੀ ਦੇ ਨੇੜੇ ਸਰਵਿਸ ਲੇਨ 'ਤੇ ਹੈ। ਸਟੋਰ ਮੈਨੇਜਰ ਸੁਰਿੰਦਰ ਕੁਮਾਰ ਨੇ ਦੱਸਿਆ ਕਿ ਕੱਲ੍ਹ ਸਵੇਰੇ ਰੋਜ਼ ਦੀ ਤਰ੍ਹਾਂ ਜਦ ਉਹ ਸਟੋਰ ਪਹੁੰਚੇ ਤਾਂ ਉਸ ਦੇ ਸ਼ਟਰ ਨੂੰ ਤਾਲੇ ਲੱਗੇ ਸਨ, ਪ੍ਰੰਤੂ ਸ਼ਟਰ ਹੇਠੋਂ ਉਖੜਿਆ ਪਿਆ ਸੀ। ਉਹ ਤੁਰੰਤ ਸ਼ਟਰ ਚੁੱਕ ਕੇ ਅੰਦਰ ਦਾਖਲ ਹੋਏ ਤਾਂ ਦੇਖਿਆ ਕਿ ਸਟੋਰ ਵਿੱਚ ਰੱਖੇ ਸਾਰੇ ਰੈਡੀਮੇਡ ਕੱਪੜਿਆਂ ਦੀ ਪੀਸ ਗਾਇਬ ਸੀ। ਸਟੋਰ ਦੇ ਅੰਦਰ ਗੱਲਾ ਵੀ ਖੁੱਲ੍ਹਾ ਪਿਆ ਸੀ, ਜਿਸ ਵਿੱਚ ਰੱਖੀ 20 ਹਜ਼ਾਰ ਦੀ ਨਕਦੀ ਗਾਇਬ ਸੀ। ਪੁਲਸ ਨੇ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਸ਼ਹਿਰੀ ਪੁਲਸ ਦੇ ਖੇਤਰ ਵਿੱਚ ਆਉਂਦੇ ਉਕਤ ਸਟੋਰ ਤੋਂ ਸਿਰਫ ਦਸ ਫੁੱਟ ਦੀ ਦੂਰੀ ਉਤੇ ਰੁਟੀਨ ਵਿੱਚ ਪੀ ਸੀ ਆਰ ਦੀ ਗੱਡੀ ਜੂਲੋ 'ਤੇ ਪੁਲਸ ਮੁਲਾਜ਼ਮ ਡਿਊਟੀ 'ਤੇ ਤੈਨਾਤ ਰਹਿੰਦੇ ਹਨ। ਹੈਰਾਨੀ ਦੀ ਗੱਲ ਹੈ ਕਿ ਚੋਰਾਂ ਨੇ ਬਿਨਾਂ ਕਿਸੇ ਖੌਫ ਦੇ ਸਟੋਰ ਨੂੰ ਨਿਸ਼ਾਨਾ ਬਣਾਇਆ। ਹਾਲਾਂਕਿ ਘਟਨਾ ਵਾਲੇ ਦਿਨ ਪੁਲਸ ਦੀ ਗੱਡੀ ਉਥੇ ਖੜ੍ਹੀ ਰਹੀ ਸੀ।

## ਨਿਸ਼ਾਨ ਸਾਹਿਬ ਦੀ ਭੰਨਤੋੜ ਕਰਨ ਦੇ ਦੋਸ਼ ਹੇਠ ਅਧਿਆਪਕ ਕਾਬੂ

ਗੜ੍ਹਸ਼ੰਕਰ, 21 ਅਕਤੂਬਰ (ਪੋਸਟ ਬਿਊਰੋ)- ਪਿੰਡ ਅਕਾਲਗੜ੍ਹ ਵਿੱਚ ਕੱਲ੍ਹ ਉਦੋਂ ਤਣਾਅ ਦਾ ਮਾਹੌਲ ਬਣ ਗਿਆ, ਜਦੋਂ ਪਿੰਡ ਦੇ ਵਸਨੀਕ ਅਤੇ ਸਰਕਾਰੀ ਸਕੂਲ ਦੇ ਅਧਿਆਪਕ ਸੁਰਜੀਤ ਸਿੰਘ ਵੱਲੋਂ ਆਪਣੇ ਕਾਮੇ ਨਾਲ ਪਿੰਡ ਦੇ ਗੁਰਦੁਆਰਾ ਸਾਹਿਬ ਦਾ ਨਿਸ਼ਾਨ ਸਾਹਿਬ ਭੰਨ ਤੋੜ ਕੇ ਸੁੱਟ ਦਿੱਤਾ ਗਿਆ।

ਨਿਸ਼ਾਨ ਸਾਹਿਬ ਦੀ ਬੇਅਦਬੀ ਦਾ ਪਤਾ ਲੱਗਣ 'ਤੇ ਪਿੰਡ ਦੇ ਵਸਨੀਕਾਂ ਤੇ ਗੁਰਦੁਆਰੇ ਦੇ ਗ੍ਰੰਥੀ ਵੱਲੋਂ ਗੜ੍ਹਸ਼ੰਕਰ ਪੁਲਸ ਨੂੰ ਇਤਲਾਹ ਦਿੱਤੀ ਗਈ ਤਾਂ ਥਾਣਾ ਮੁੱਖੀ ਬਲਵਿੰਦਰ ਸਿੰਘ ਨੇ ਮੌਕੇ 'ਤੇ ਪੁੱਜ ਕੇ ਸੁਰਜੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਇਸ ਬਾਰੇ ਪਿੰਡ ਅਕਾਲਗੜ੍ਹ ਦੇ ਵਸਨੀਕਾਂ ਬਲਵੀਰ ਸਿੰਘ, ਜਸਵੀਰ ਸਿੰਘ, ਬਹਾਦਰ ਸਿੰਘ, ਸੁਭਾਸ਼ ਹੰਸ, ਸੁਰਜੀਤ ਸਿੰਘ, ਅਮਰਜੀਤ ਸਿੰਘ, ਪੰਚ ਸੁੱਚਾ ਸਿੰਘ, ਪੰਚ ਨਰਿੰਦਰਪਾਲ ਸਿੰਘ ਅਤੇ ਗ੍ਰੰਥੀ ਇਕਬਾਲ ਸਿੰਘ ਨੇ ਦੱਸਿਆ ਕਿ ਪਿੰਡ ਦੇ ਐਨ ਆਰ ਆਈ ਪਰਵਾਰ ਸੰਦੀਪ ਸਿੰਘ ਹਾਲ ਵਾਸੀ ਇੰਗਲੈਂਡ ਵੱਲੋਂ ਕੁਝ ਸਮਾਂ ਪਹਿਲਾਂ ਆਪਣੀ43 ਕਨਾਲ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਮ ਰਜਿਸਟਰੀ ਕਰਕੇ ਦਾਨ ਕੀਤੀ ਗਈ ਸੀ, ਪਰ ਪਰਵਾਰ ਦੇ ਪਿੰਡ ਵਿੱਚ ਰਹਿੰਦੇ ਇੱਕ ਮੈਂਬਰ ਸੁਰਜੀਤ ਸਿੰਘ ਪੁੱਤਰ ਕਰਮ ਸਿੰਘ ਨੇ ਇਸ ਜ਼ਮੀਨ 'ਤੇ ਕਬਜ਼ਾ ਕਰਨ ਦੀ ਨੀਤ ਨਾਲ ਇਥੇ ਗੁਰਦੁਆਰਾ ਸਾਹਿਬ ਦਾ ਸਥਿਤ ਨਿਸ਼ਾਨ ਸਾਹਿਬ ਭੰਨ ਤੋੜ ਦਿੱਤਾ। ਉਨ੍ਹਾਂ ਕਿਹਾ ਕਿ ਸੁਰਜੀਤ ਸਿੰਘ ਨੂੰ ਰੋਕਣ ਦੀ ਕੋਸ਼ਿਸ਼ ਵੀ ਝਗੜਾ ਕੀਤਾ। ਇਸ ਬਾਰੇ ਐਸ ਐਚ ਓ ਬਲਵਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਵਾਸੀਆਂ ਦੀ ਲਿਖਤੀ ਸ਼ਿਕਾਇਤ 'ਤੇ ਉਕਤ ਮੁਲਜ਼ਮ ਨੂੰ ਕਾਬੂ ਕਰ ਲਿਆ ਗਿਆ ਅਤੇ ਬਣਦੀ ਕਾਰਵਾਈ ਕੀਤੀ ਜਾ ਰਹੀ ਹੈ।

## ਇਨਸਾਫ ਲਈ ਮਕਸੂਦਾਂ ਚੌਕ ਵਿੱਚ ਚੱਕਾ ਜਾਮ ਤੇ ਨਾਅਰੇਬਾਜ਼ੀ

ਜਲੰਧਰ, 21 ਅਕਤੂਬਰ (ਪੋਸਟ ਬਿਊਰੋ)- ਡੀ ਏ ਵੀ ਕਾਲਜ ਦੇ ਪੁਲ 'ਤੇ 6 ਅਕਤੂਬਰ ਨੂੰ ਦੇਰ ਰਾਤ ਮਾਰਕੁੱਟ ਕਰਨ 'ਤੇ ਜ਼ਖਮੀ ਹੋਏ ਦੋ ਮੋਟਰਸਾਈਕਲ ਸਵਾਰਾਂ 'ਚੋਂ ਇੱਕ ਦੀ ਇਲਾਜ ਦੌਰਾਨ ਛੇ ਦਿਨ ਬਾਅਦ ਮੌਤ ਹੋਣ ਉਪਰੰਤ ਮ੍ਰਿਤਕ ਨੌਜਵਾਨ ਦੇ ਵਾਰਸਾਂ ਦਾ ਰੋਸ ਪ੍ਰਦਰਸ਼ਨ ਜਾਰੀ ਹੈ। ਇਸ ਮੌਕੇ ਮ੍ਰਿਤਕ ਨੌਜਵਾਨ ਦੇ ਵਾਰਸਾਂ ਨੇ ਪੁਲਸ 'ਤੇ ਦੋਸ਼ ਲਾਏ ਕਿ ਪੁਲਸ ਮਾਰਕੁੱਟ ਕਰਨ ਵਾਲੇ ਮੁਲਜ਼ਮਾਂ ਨੂੰ ਕਾਬੂ ਕਰਨ 'ਚ ਢਿੱਲ ਵਰਤ ਰਹੀ ਹੈ। ਮ੍ਰਿਤਕ ਦੇ ਵਾਰਸਾਂ ਵੱਲੋਂ ਮਕਸੂਦਾਂ ਚੌਕ ਵਿੱਚ ਚਾਰੇ ਪਾਸੇ ਜਾਮ ਲਾ ਕੇ ਕਰੀਬ ਡੇਢ ਘੰਟਾ ਆਵਾਜਾਈ ਰੋਕੀ ਰੱਖੀ ਅਤੇ ਇਸ ਦੌਰਾਨ ਐਂਬੂਲੈਂਸ ਤੇ ਫਾਇਰ ਬ੍ਰਿਗੇਡ ਦੇ ਵਾਹਨਾਂ ਨੂੰ ਵੀ ਜਾਮ 'ਚੋਂ ਲੰਘਣ ਲਈ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਏ ਸੀ ਪੀ (ਉਤਰੀ) ਗੁਰਬਿੰ-ਦਰ ਖਹਿਰਾ, ਥਾਣਾ ਮੁੱਖੀ ਸੁਖਬੀਰ ਸਿੰਘ ਸਮੇਤ ਪੁਲਸ ਪਾਰਟੀ ਮਕਸੂਦਾਂ ਚੌਕ ਪੁੱਜੇ। ਇਸ ਮੌਕੇ ਮ੍ਰਿਤਕ ਦੇ ਪਾਰਵਾਰਕ ਮੈਂਬਰਾਂ ਨੇ ਕਿਹਾ ਕਿ ਜਦੋਂ ਤੱਕ ਪੁਲਸ ਕਾਤਲਾਂ ਨੂੰ ਕਾਬੂ ਨਹੀਂ ਕਰਦੀ, ਉਹ ਓਦੋਂ ਤੱਕ ਮ੍ਰਿਤਕ ਦਾ ਅੰਤਿਮ ਸੰਸਕਾਰ ਨਹੀਂ ਕਰਨਗੇ। ਏ ਸੀ ਪੀ ਗੁਰਵਿੰਦਰ ਖਹਿਰਾ ਵੱਲੋਂ ਤਿੰਨੇ ਮੁਲਜ਼ਮਾਂ 'ਤੇ ਕੇਸ ਦਰਜ ਕਰਨ ਦਾ ਭਰੋਸਾ ਦਿੱਤੇ ਜਾਣ 'ਤੇ ਪ੍ਰਦਰਸ਼ਨਕਾਰੀਆਂ ਵੱਲੋਂ ਧਰਨਾ ਹਟਾਇਆ ਗਿਆ।



ਵਰਨਣ ਯੋਗ ਹੈ ਕਿ ਮ੍ਰਿਤਕ ਨੌਜਵਾਨ ਮਨਪ੍ਰੀਤ ਸਿੰਘ ਦਾ ਆਪਣੇ ਦੋਸਤਾਂ ਨਾਲ ਵਿਵਾਦ ਹੋ ਗਿਆ ਸੀ। ਵਿਵਾਦ ਦੌਰਾਨ ਉਸ ਦੇ ਦੋਸਤਾਂ ਕਰਨ, ਮਨੀ ਅਤੇ ਗੋਪੀ ਆਦਿ ਨੇ ਮਨਪ੍ਰੀਤ ਸਿੰਘ ਤੇ ਉਸ ਦੇ ਮਾਮੇ ਦੇ ਪੁੱਤਰ ਯਾਦਵਿੰਦਰ ਸਿੰਘ ਨੂੰ ਹਥਿਆਰਾਂ ਨਾਲ ਜ਼ਖਮੀ ਕਰ ਦਿੱਤਾ ਸੀ। ਮਨਪ੍ਰੀਤ ਸਿੰਘ ਦੇ ਸਿਰ 'ਤੇ ਗੰਭੀਰ ਸੱਟਾਂ ਲੱਗੀਆਂ ਸਨ ਤੇ ਉਸ ਨੂੰ ਜ਼ਖਮੀ ਹਾਲਤ ਵਿੱਚ ਸਿਵਲ ਹਲਪਤਾਲ ਦਾਖਲ ਕਰਵਾਇਆ ਸੀ ਪਰ ਸਿਵਲ ਹਸਪਤਾਲ ਦੇ ਡਾਕਟਰਾਂ ਵੱਲੋਂ ਮਨਪ੍ਰੀਤ ਸਿੰਘ ਦੀ ਹਾਲਤ ਨਾਜ਼ੁਕ ਦੱਸਦੇ ਹੋਇਆਂ ਉਸ ਨੂੰ ਨਿੱਜੀ ਹਸਪਤਾਲ 'ਚ ਇਲਾਜ ਕਰਵਾਉਣ ਲਈ ਰੈਫਰ ਕਰ ਦਿੱਤਾ ਗਿਆ। ਇਲਾਜ ਦੌਰਾਨ ਮੌਤ ਹੋ ਗਈ ਸੀ।

## ਦੋ ਧਿਰਾਂ ਵਿੱਚ ਖ਼ੂਨੀ ਝੜਪ ਵਿੱਚ ਇੱਕ ਜਣੇ ਦੀ ਮੌਤ, ਤਿੰਨ ਜ਼ਖਮੀ

ਜੀਰਾ, 21 ਅਕਤੂਬਰ (ਪੋਸਟ ਬਿਊਰੋ)- ਜੀਰਾ ਨੇੜੇ ਪਿੰਡ ਸ਼ਾਹ ਅਬੂ ਬੁਕਰ ਵਿੱਚ ਦੋ ਧਿਰਾਂ ਦੀ ਖ਼ੂਨੀ ਝੜਪ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ ਤਿੰਨ ਗੰਭੀਰ ਜ਼ਖਮੀ ਹੋ ਗਏ। ਮ੍ਰਿਤਕ ਦੇ ਪਰਵਾਰ ਨੇ ਇਨਸਾਫ ਦੀ ਮੰਗ ਦੇ ਲਈ ਥਾਣਾ ਸਦਰ ਜੀਰਾ ਅੱਗੇ ਰੋਸ ਧਰਨਾ ਦਿੱਤਾ। ਇਸ ਮੌਕੇ 'ਤੇ ਪ੍ਰਦਰਸ਼ਨਕਾਰੀਆਂ ਨੇ ਹਲਕਾ ਵਿਧਾਇਕ, ਸਾਬਕਾ ਮੰਤਰੀ ਜੀਰਾ ਅਤੇ ਪੁਲਸ ਪ੍ਰਸ਼ਾਸਨ ਦੇ ਵਿਰੁੱਧ ਵੀ ਖ਼ੂਬ ਨਾਅਰੇਬਾਜ਼ੀ ਕੀਤੀ। ਮ੍ਰਿਤਕ ਸੁਖਵਿੰਦਰ ਸਿੰਘ (58) ਪੁੱਤਰ ਕਸ਼ਮੀਰ ਸਿੰਘ ਵਾਸੀ ਸ਼ਾਹ ਅਬੂ ਬੁਕਰ ਦੇ ਭਤੀਜੇ ਭੁਪਿੰਦਰ ਸਿੰਘ ਅਤੇ ਲੜਕੀ ਕਿਰਨਦੀਪ ਕੌਰ ਨੇ ਪੁਲਸ ਦੇ ਵਿਰੁੱਧ ਕਾਰਵਾਈ ਨਾ ਕਰਨ ਦੇ ਦੋਸ਼ ਲਾਏ ਤੇ ਕਿਹਾ ਕਿ ਹਲਕਾ ਵਿਧਾਇਕ ਜੀਰਾ ਤੇ ਉਨ੍ਹਾਂ ਦੇ ਪਿਤਾ ਸਾਬਕਾ ਮੰਤਰੀ ਇੰਦਰਜੀਤ ਸਿੰਘ ਜ਼ੀਰਾ ਇਸ ਮਾਮਲੇ ਨੂੰ ਦਬਾਉਣ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਜਦ ਤੱਕ ਦੋਸ਼ੀ ਆਕਾਸ਼ਦੀਪ ਸਿੰਘ ਪੁੱਤਰ ਨਰਿੰਦਰ ਸਿੰਘ, ਮਨਦੀਪ ਸਿੰਘ ਪੁੱਤਰ ਪ੍ਰਕਾਸ਼ ਸਿੰਘ, ਅਮਰੀਕ ਸਿੰਘ ਪੁੱਤਰ ਦਿਆਲ ਸਿੰਘ, ਬੋਹੜ ਸਿੰਘ ਪੁੱਤਰ ਜੋਗਾ ਸਿੰਘ, ਪ੍ਰਕਾਸ਼ ਸਿੰਘ ਪੁੱਤਰ ਜੋਗਾ ਸਿੰਘ, ਜੋਗਿੰਦਰ ਸਿੰਘ ਪੁੱਤਰ ਜੋਗਾ ਸਿੰਘ, ਸੁਖਵਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ ਅਤੇ ਬਿੱਟੂ ਪੁੱਤਰ ਜੋਗਿੰਦਰ ਸਿੰਘ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਂਦਾ, ਤਦ ਤੱਕ ਮ੍ਰਿਤਕ ਸੁਖਵਿੰਦਰ ਸਿੰਘ ਦਾ ਅੰਤਿਮ ਸਸਕਾਰ ਨਹੀਂ ਕੀਤਾ ਜਾਏਗਾ। ਥਾਣਾ ਸਦਰ ਜੀਰਾ ਦੇ ਇੰਚਾਰਜ ਜਸਵਿੰਦਰ ਸਿੰਘ ਨੇ ਮਾਮਲੇ ਦਰਜ ਹੋਣ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਦੋਸ਼ੀਆਂ ਨੂੰ ਜਲਦੀ ਗ੍ਰਿਫਤਾਰ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਝਗੜੇ ਵਿੱਚ ਦੋ ਦੋਸ਼ੀ ਸਿਵਲ ਹਸਪਤਾਲ ਵਿੱਚ ਇਲਾਜ ਅਧੀਨ ਹੈ।



# ਜੰਮੂ-ਕਸ਼ਮੀਰ ਬੈਂਕ ਵਿੱਚ 1100 ਕਰੋੜ ਦਾ ਘੁਟਾਲਾ ਨਿਕਲਿਆ

ਜੰਮੂ, 21 ਅਕਤੂਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਬੈਂਕ ਵਿੱਚ ਸਾਹਮਣੇ ਆਏ 1100 ਕਰੋੜ ਰੁਪਏ ਦੇ ਕਰਜ਼ ਧੋਖਾਧੜੀ ਮਾਮਲੇ ਵਿੱਚ 'ਐਂਟੀ ਕਰੱਪਸ਼ਨ ਬਿਊਰੋ' (ਏ ਸੀ ਬੀ ) ਨੇ ਕੇਸ ਦਰਜ ਕਰ ਲਿਆ ਹੈ।



ਇਹ ਜਾਣਕਾਰੀ ਦਿੰਦਿਆਂ ਸਰਕਾਰੀ ਅਧਿਕਾਰੀਆਂ ਨੇ ਦੱਸਿਆ ਕਿ ਇਹ ਰਾਸ਼ੀ ਬੈਂਕ ਵੱਲੋਂ 'ਰਾਈ ਐਕਸਪੋਰਟਸ ਇੰਡੀਆ ਐਗਰੋ ਲਿਮਟਿਡ' (ਆਰ ਈ ਆਈ ) ਨੂੰ ਦਿੱਤੀ ਗਈ ਸੀ। ਏ ਸੀ ਬੀ ਦੇ ਬੁਲਾਰੇ ਨੇ ਦੱਸਿਆ ਕਿ ਕੇਸ ਦਰਜ ਹੋਣ ਦੇ ਬਾਅਦ ਵੱਖ-ਵੱਖ ਟੀਮਾਂ ਨੇ ਬੈਂਕ ਦੇ ਸਾਬਕਾ ਚੇਅਰਮੈਨ ਮੁਸ਼ਤਾਕ ਅਹਿਮਦ ਸ਼ੇਖ ਸਮੇਤ 12 ਤੋਂ ਵੱਧ ਦੋਸ਼ੀ ਬੈਂਕ ਅਧਿਕਾਰੀਆਂ ਦੇ ਕਸ਼ਮੀਰ 'ਚ 9, ਜੰਮੂ 'ਚ 4 ਤੇ ਦਿੱਲੀ 'ਚ 3 ਟਿਕਾਣਿਆਂ 'ਤੇ ਛਾਪੇ ਮਾਰੇ ਹਨ ਅਤੇ ਆਰ ਈ ਆਈ ਐਗਰੋ ਦੇ ਚੇਅਰਮੈਨ ਸੰਜੇ ਝੁਨਝੁਨਵਾਲਾ ਅਤੇ ਉਪ-ਪ੍ਰਧਾਨ ਅਤੇ ਮੈਨੇਜਿੰਗ ਡਾਇਰੈਕਟਰ ਸੰਦੀਪ ਝੁਨਝੁਨਵਾਲਾ ਦੇ ਦਿੱਲੀ ਸਥਿਤ ਘਰਾਂ 'ਚ ਵੀ ਛਾਪੇ ਮਾਰੇ ਗਏ ਹਨ। ਬੁਲਾਰੇ ਨੇ ਦੱਸਿਆ ਕਿ ਕੇਸ ਦੀ ਜਾਂਚ ਜਾਰੀ ਹੈ ਤੇ ਤਿੰਨ ਟੀਮਾਂ ਦਿੱਲੀ 'ਚ ਛਾਪੇਮਾਰੀ ਕਰ ਰਹੀਆਂ ਹਨ। ਮੁੱਢਲੀ ਜਾਂਚ 'ਚ ਭੇਦ ਖੁੱਲ੍ਹਾ ਹੈ ਕਿ ਬੈਂਕ ਦੀ ਮੁੰਬਈ ਸ਼ਾਖਾ ਮਹਿਮ ਤੇ ਦਿੱਲੀ ਸ਼ਾਖਾ ਅੰਸਲ ਪਲਾਜ਼ਾ ਦੇ ਅਧਿਕਾਰੀਆਂ ਨੇ ਫਰਜ਼ੀ ਦਸਤਾਵੇਜ਼ਾਂ ਦੇ ਆਧਾਰ ਉਤੇ ਮੈਸਰਜ਼ ਆਰ ਈ ਆਈ ਐਗਰੋ ਲਿਮਟਿਡ ਨੂੰ ਸਾਲ 2011 ਤੋਂ 2013 ਵਿਚਾਲੇ 800 ਕਰੋੜ ਰੁਪਏ ਕਰਜ਼ਾ ਦਿੱਤਾ। ਇਹ ਕਰਜ਼ਾ ਮਨਜ਼ੂਰ ਕਰਦੇ ਸਮੇਂ ਬੈਂਕ ਦੇ ਸਾਰੇ ਨਿਯਮਾਂ ਦੀ ਅਣਦੇਖੀ ਕੀਤੀ ਗਈ ਅਤੇ ਬੈਂਕ ਖਾਤਾ 2014 'ਚ ਐਨ ਪੀ ਏ ਹੋ ਗਿਆ। ਕੰਪਨੀ ਨੇ ਆਪਣਾ ਮੁੱਖ ਦਫਤਰ ਕੋਲਕਾਤਾ ਤੇ ਕਾਰਪੋਰੇਟਰ ਦਫਤਰ ਦਿੱਲੀ ਵਿੱਚ ਦੱਸਿਆ ਅਤੇ ਕਰਜ਼ਾ ਲੈਣਾ ਲਈ ਮਹਿਮ ਸ਼ਾਖਾ ਮੁੰਬਈ ਨਾਲ ਸੰਪਰਕ ਕੀਤਾ, ਜਦੋਂ ਕਿ ਮੁੰਬਈ 'ਚ ਉਸ ਦਾ ਕੋਈ ਦਫਤਰ ਨਹੀਂ ਸੀ। ਮਿਲੀਭੁਗਤ ਨਾਲ ਮਹਿਮ ਸ਼ਾਖਾ ਨੇ 550 ਕਰੋੜ ਰੁਪਏ ਦਾ ਕਰਜ਼ਾ ਮਨਜ਼ੂਰ ਕਰ ਦਿੱਤਾ। ਇਸੇ ਤਰ੍ਹਾਂ ਕੰਪਨੀ ਨੇ ਅੰਸਲ ਪਲਾਜ਼ਾ ਸ਼ਾਖਾ ਤੋਂ 139 ਕਰੋੜ ਰੁਪਏ ਦਾ ਕਰਜ਼ਾ ਮਨਜ਼ੂਰ ਕਰਵਾਇਆ, ਜਿਸ ਦੌਰਾਨ ਇਹ ਘਪਲਾ ਵਾਪਰਿਆ ਹੈ।

# ਡਾ. ਮਨਮੋਹਨ ਸਿੰਘ ਕਰਤਾਰਪੁਰ ਲਾਂਘੇ ਦੇ ਰਸਮੀ ਉਦਘਾਟਨ ਦੇ ਮੌਕੇ ਸ਼ਾਮਲ ਨਹੀਂ ਹੋਣਗੇ



ਨਵੀਂ ਦਿੱਲੀ, 21 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨੀ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਦੇ ਇਹ ਦਾਅਵਾ ਕਰਨ ਕਿ ਡਾਕਟਰ ਮਨਮੋਹਨ ਸਿੰਘ ਨੇ ਕਰਤਾਰਪੁਰ ਲਾਂਘੇ ਦੇ ਉਦਘਾਟਨ 'ਚ ਸ਼ਾਮਲ ਹੋਣ ਦੇ ਸੱਦੇ ਨੂੰ ਸਵੀਕਾਰ ਕਰ ਲਿਆ ਹੈ, ਦੇ ਬਾਅਦ ਡਾ. ਮਨਮੋਹਨ ਸਿੰਘ ਦੇ ਨੇੜਲੇ ਸੂਤਰਾਂ ਨੇ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਪਾਕਿਸਤਾਨ ਵਿੱਚ ਕਰਤਾਰਪੁਰ ਲਾਂਘੇ ਦੇ ਰਸਮੀ ਉਦਘਾਟਨੀ ਸਮਾਰੋਹ 'ਚ ਹਿੱਸਾ ਨਹੀਂ ਲੈਣਗੇ, ਸਗੋਂ ਇੱਕ ਆਮ ਸ਼ਰਧਾਲੂ ਦੇ ਤੌਰ 'ਤੇ ਉਸ ਦਿਨ ਓਥੇ ਜਾਣਗੇ।

ਨਵੀਂ ਦਿੱਲੀ 'ਚ ਸਾਬਕਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਦੇ ਨੇੜਲੇ ਸੂਤਰਾਂ ਨੇ ਕਿਹਾ ਕਿ ਉਦਘਾਟਨ ਮੌਕੇ ਹੋਣ ਵਾਲੇ ਸਮਾਰੋਹ ਵਿੱਚ ਉਹ ਹਿੱਸਾ ਨਹੀਂ ਲੈਣਗੇ। ਸੂਤਰਾਂ ਨੇ ਕਿਹਾ ਕਿ ਪਾਕਿਸਤਾਨੀ ਅਥਾਰਿਟੀ ਵੱਲੋਂ ਉਨ੍ਹਾਂ ਨੂੰ ਸੱਦਾ ਦੇਣ ਲਈ ਭੇਜੇ ਪੱਤਰ ਦੇ ਜਵਾਬ 'ਚ ਮਨਮੋਹਨ ਸਿੰਘ ਨੇ ਕਿਹਾ ਕਿ ਉਹ ਰਸਮੀ ਉਦਘਾਟਨੀ ਸਮਾਰੋਹ 'ਚ ਹਿੱਸਾ ਨਹੀਂ ਲੈਣਗੇ, ਪਰ ਇੱਕ ਆਮ ਸ਼ਰਧਾਲੂ ਵਾਂਗ ਪਵਿਤਰ ਸਥਾਨ ਦੇ ਦਰਸ਼ਨਾਂ ਲਈ ਜਾਣਗੇ। ਉਹ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਅਗਵਾਈ 'ਚ ਜਾਣ ਵਾਲੇ ਸਿੱਖ ਜਥੇ ਦਾ ਹਿੱਸਾ ਹੋਣਗੇ ਤੇ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਮੱਥਾ ਟੇਕ ਕੇ ਉਸੇ ਦਿਨ ਵਾਪਸ ਆ ਜਾਣਗੇ।

# ਪ੍ਰਧਾਨ ਮੰਤਰੀ ਯੋਜਨਾ ਦੇ ਘਰ ਆਪਣੇ ਮਿੱਥੇ ਟੀਚੇ ਤੋਂ ਇੱਕ ਸਾਲ ਪਹਿਲਾਂ ਮਿਲ ਜਾਣਗੇ: ਪੁਰੀ

ਨਵੀਂ ਦਿੱਲੀ, 21 ਅਕਤੂਬਰ (ਪੋਸਟ ਬਿਊਰੋ)- ਕੇਦਰੀ ਆਵਾਸ ਤੇ ਸ਼ਹਿਰੀ ਮਾਮਲਿਆਂ ਦੇ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ-ਸ਼ਹਿਰੀ (ਪੀ ਐਮ ਵਾਈ-ਯੂ) ਹੇਠ 1.12 ਕਰੋੜ ਘਰ ਬਣਾਏ ਜਾ ਰਹੇ ਹਨ। ਇਨ੍ਹਾਂ ਨੂੰ ਟੀਚੇ ਤੋਂ ਪਹਿਲਾਂ ਸਾਲ 2021 ਦੀ ਸ਼ੁਰੂਆਤ ਵਿੱਚ ਲੋਕਾਂ ਨੂੰ ਸੌਂਪ ਦਿੱਤਾ ਜਾਵੇਗਾ।



ਇਸ ਸੰਬੰਧ ਵਿੱਚ ਹਰਦੀਪ ਸਿੰਘ ਪੁਰੀ ਨੇ ਦੱਸਿਆ ਕਿ ਸਰਕਾਰ ਨੇ ਮੰਤਰਾਲੇ ਵੱਲੋਂ ਬਣਾਏ ਜਾ ਰਹੇ 90 ਲੱਖ ਘਰਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਅਗਲੇ ਛੇ ਮਹੀਨਿਆਂ ਵਿੱਚ 1.12 ਕਰੋੜ ਘਰਾਂ ਦੀ ਉਸਾਰੀ ਦਾ ਟੀਚਾ ਪੂਰਾ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਰਿਹਾਇਸ਼ਾਂ ਦਾ ਕੰਮ ਤੇਜ਼ ਰਫਤਾਰ ਨਾਲ ਕੀਤਾ ਜਾ ਰਿਹਾ ਹੈ ਅਤੇ '2022 ਤੱਕ ਸਾਰਿਆਂ ਲਈ ਆਵਾਸ' ਦੇ ਟੀਚੇ ਨੂੰ ਤੈਅ ਸਮੇਂ ਤੋਂ ਪਹਿਲਾਂ ਪੂਰਾ ਕਰ ਲਿਆ ਜਾਵੇਗਾ। ਪੁਰੀ ਨੇ ਕਿਹਾ, 'ਮਾਰਚ 2020 ਤੱਕ ਇੱਕ ਕਰੋੜ ਤੋਂ ਵੱਧ ਘਰਾਂ ਦੀ ਉਸਾਰੀ ਨੂੰ ਮਨਜ਼ੂਰੀ ਮਿਲ ਜਾਵੇਗੀ ਅਤੇ 75 ਲੱਖ ਮਕਾਨਾਂ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਅਗਲੇ ਪੰਜ-ਛੇ ਮਹੀਨਿਆਂ ਵਿੱਚ 50 ਲੱਖ ਮਕਾਨਾਂ ਦਾ ਕੰਮ ਪੂਰਾ ਹੋ ਜਾਵੇਗਾ ਅਤੇ 40-45 ਲੱਖ ਮਕਾਨ ਲਾਭਪਾਤਰੀਆਂ ਨੂੰ ਸੌਂਪ ਦਿੱਤੇ ਜਾਣਗੇ। ਸਾਨੂੰ ਵਿਸ਼ਵਾਸ ਹੈ ਕਿ ਸਾਲ 2021 ਦੇ ਸ਼ੁਰੂ ਵਿੱਚ ਸਾਰੇ ਲਾਭਪਤਰੀਆਂ ਨੂੰ ਘਰ ਮਿਲ ਜਾਣਗੇ।'

ਉਨ੍ਹਾਂ ਦੱਸਿਆ ਕਿ ਸਰਕਾਰ ਦੀ ਇਸ ਮਹੱਤਵ ਪੂਰਨ ਯੋਜਨਾ ਹੇਠ 53.5 ਲੱਖ ਮਕਾਨ ਉਸਾਰੀ ਅਧੀਨ ਹਨ ਅਤੇ 27.17 ਲੱਖ ਦਾ ਕੰਮ ਹੋ ਚੁੱਕਾ ਅਤੇ 24.75 ਲੱਖ ਘਰ ਲਾਭਪਾਤਰੀਆਂ ਨੂੰ ਸੌਂਪੇ ਜਾ ਚੁੱਕੇ ਹਨ। ਇਸ ਪ੍ਰਾਜੈਕਟ ਨੂੰ ਚਾਰ ਤਰ੍ਹਾਂ ਨਾਲ ਸਹੀ ਰੂਪ ਦਿੱਤਾ ਜਾ ਰਿਹਾ ਹੈ। ਹੇਠਲੇ ਅਤੇ ਮੱਧਮ ਆਮਦਨ ਵਰਗੇ ਦੇ ਲੋਕਾਂ ਨੂੰ ਮਕਾਨ ਉਤੇ ਕਰਜ਼ੇ ਵਿੱਚ ਸਬਸਿਡੀ ਦੇ ਕੇ, ਝੁੱਗੀ ਬਸਤੀਆਂ ਦੀ ਥਾਂ ਬਹੁ-ਮੰਜ਼ਿਲਾ ਛੋਟੀਆਂ ਰਿਹਾਇਸ਼ਾਂ ਬਣਾ ਕੇ (ਆਈ ਐਸ ਆਰ), ਨਿੱਜੀ ਖੇਤਰ ਦੀ ਭਾਈਵਾਲੀ ਨਾਲ ਸਸਤੀਆਂ ਰਿਹਾਇਸ਼ਾਂ ਬਣਾਉਣ ਦੀਆਂ ਯੋਜਨਾਵਾਂ (ਏ ਐਸ ਸੀ) ਅਤੇ ਲੋਕਾਂ ਨੂੰ ਖੁਦ ਆਪਣਾ ਘਰ ਬਣਾਉਣ ਲਈ ਕਰਜ਼ ਦੇਣਾ (ਬੀ ਐਲ ਪੀ)। ਪੁਰੀ ਨੇ ਦੱਸਿਆ ਕਿ ਸਰਕਾਰ ਹੁਣ ਤੱਕ ਲੀ ਐਲ ਐਸ ਐਸ ਤਹਿਤ 7.18 ਲੱਖ ਲਾਭਪਾਤਰੀਆਂ ਨੂੰ ਰਿਹਾਇਸ਼ ਕਰਜ਼ ਵਿੱਚ ਸਬਸਿਡੀ ਦੇ ਰੂਪ ਵਿੱਚ 18,458 ਕਰੋੜ ਰੁਪਏ ਜਾਰੀ ਕਰ ਚੁੱਕੀ ਹੈ।

# ਆਜ਼ਾਦੀ ਤੋਂ ਅੱਜ ਤੱਕ 35,136 ਪੁਲਸ ਕਰਮੀ ਮਾਰੇ ਗਏ

ਨਵੀਂ ਦਿੱਲੀ, 21 ਅਕਤੂਬਰ (ਪੋਸਟ ਬਿਊਰੋ)- ਭਾਰਤ ਵਿੱਚ ਸਤੰਬਰ 2018 ਤੋਂ ਲੈ ਕੇ ਇਸ ਸਾਲ ਅਗਸਤ ਮਹੀਨੇ ਤੱਕ ਅੱਤਵਾਦ ਵਿਰੋਧੀ ਅਤੇ ਹੋਰ ਹਮਲਿਆ ਵਿੱਚ ਸੀ ਆਰ ਪੀ ਐਫ ਅਤੇ ਬੀ ਐਸ ਐਫ ਵਰਗੇ ਅਰਧ ਸੈਨਿਕ ਬਲਾਂ ਦੇ ਕਰਮੀਆਂ ਸਹਿਤ ਕੁਲ 292 ਪੁਲਸ ਕਰਮੀ ਮਾਰੇ ਗਏ ਹਨ।



ਇਹ ਜਾਣਕਾਰੀ ਅਧਿਕਾਰਿਕ ਅੰਕੜਿਆਂ ਵਿੱਚ ਦਿੱਤੀ ਗਈ ਹੈ, ਜਿਸ ਵਿੱਚ ਜ਼ਿਕਰ ਕੀਤਾ ਗਿਆ ਕਿ ਆਜ਼ਾਦੀ ਤੋਂ ਲੈ ਕੇ ਇਸ ਸਾਲ ਅਗਸਤ ਤੱਕ 35,136 ਪੁਲਸ ਕਰਮੀਆਂ ਨੇ ਬਲਿਦਾਨ ਦਿੱਤਾ ਹੈ। ਸਤੰਬਰ, 2018 ਤੋਂ ਇਸ ਸਾਲ ਅਗਸਤ ਤੱਕ ਮਾਰੇ ਗਏ ਦੇਸ਼ ਦੇ ਪੁਲਸ ਅਤੇ ਅਰਧ ਸੈਨਿਕ ਬਲਾਂ ਦੇ ਕਰਮੀਆਂ ਵਿੱਚ ਕੇਂਦਰੀ ਰਿਜ਼ਰਵ ਪੁਲਸ ਬਲ (ਸੀ ਆਰ ਪੀ ਐਫ) ਦੇ ਕਰਮੀਆਂ ਦੀ ਗਿਣਤੀ ਸਭ ਤੋਂ ਵੱਧ 67 ਹੈ। ਇਸ ਵਿੱਚ ਸੀ ਆਰ ਪੀ ਐਫ ਦੇ ਉਹ 40 ਜਵਾਨ ਵੀ ਸ਼ਾਮਲ ਹਨ ਜੋ ਇਸ ਸਾਲ 14 ਫਰਵਰੀ ਨੂੰ ਕਸ਼ਮੀਰ ਦੇ ਪੁਲਵਾਮਾ ਅੱਤਵਾਦੀ ਹਮਲੇ ਵਿੱਚ ਮਾਰੇ ਗਏ ਸੀ। ਹੋਰ ਪੁਲਸ ਫੋਰਸਾਂ ਅਤੇ ਸੰਗਠਨਾਂ ਤੋਂ ਪ੍ਰਾਪਤ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਇੱਕ ਆਧਿਕਾਰਿਕ ਬਿਆਨ ਵਿੱਚ ਕਿਹਾ ਗਿਆ ਕਿ ਇੱਕ ਸਾਲ ਦੀ ਮਾਰੇ ਜਾਣ ਵਾਲਿਆਂ ਵਿੱਚ ਸੀਮਾ ਸੁਰੱਖਿਆ ਬਲ (ਬੀ ਐਸ ਐਫ) ਦੇ 41, ਭਾਰਤ-ਤਿਬਤ ਸੀਮਾ ਪੁਲਸ (ਆਈ ਟੀ ਬੀ ਪੀ) ਦੇ 23 ਅਤੇ ਜੰਮੂ-ਕਸ਼ਮੀਰ ਪੁਲਸ ਦੇ 24 ਕਰਮੀ ਸ਼ਾਮਲ ਹਨ। ਅਰਧ ਸੈਨਿਕ ਬਲਾਂ ਦੇ ਮਾਰੇ ਜਾਣ ਵਾਲੇ ਜਵਾਨਾਂ ਵਿੱਚ ਜ਼ਿਆਦਾਤਰ ਦੀ ਜਾਨ ਨਕਸਲਵਾਦ ਤੇ ਸੀਮਾ ਪਾਰ ਤੋਂ ਚਲਾਏ ਜਾਂਦੇ ਅੱਤਵਾਦ ਦੇ ਕਾਨਰ ਗਈ ਹੈ।

# ਪੱਛਮੀ ਬੰਗਾਲ ਦੇ ਸਾਲਟ ਲੇਕ ਸਮੇਤ ਕਈ ਵੱਡੇ ਸ਼ਹਿਰ ਸੁੰਗੜ ਰਹੇ ਹਨ: ਜੀ ਐੱਸ ਆਈ

ਕੋਲਕਾਤਾ, 21 ਅਕਤੂਬਰ (ਪੋਸਟ ਬਿਊਰੋ)- ਭਾਰਤੀ ਭੂ ਵਿਗਿਆਨਕ ਸਰਵੇਖਣ (ਜੀ ਐੱਸ ਆਈ) ਦੇ ਨਾਲ ਜੁੜੇ ਹੋਏ ਇੱਕ ਵਿਗਿਆਨੀ ਨੇ ਦਾਅਵਾ ਕੀਤਾ ਹੈ ਕਿ ਕੋਲਕਾਤਾ ਦੇ ਪੂਰਬ ਵਿਚ ਸਾਲਟ ਲੇਕ ਖੇਤਰ ਸਾਵਧਾਨ ਕਰਨ ਵਾਲੀ ਦਰ ਨਾਲ ਸੁੰਗੜ ਰਿਹਾ ਹੈ। ਜੀ ਐੱਸ ਆਈ ਦੇ ਡਾਇਰੈਕਟਰ ਸੰਦੀਪ ਸੋਮ ਨੇ ਕਿਹਾ ਕਿ ਸਾਲਟਲੇਕ ਦਾ ਇੱਕ ਵੱਡਾ ਹਿੱਸਾ ਪਾਣੀ ਅਤੇ ਝੀਲਾਂ ਦੇ ਝਰਨਿਆਂ ਦੇ ਭਰਨ ਨਾਲ ਬਣਿਆ ਹੈ। ਇਹ ਇਲਾਕਾ ਧਰਤੀ ਹੇਠਲੇ ਪਾਣੀ ਦੀ ਕਮੀ ਦੀ ਸਮੱਸਿਆ ਦਾ ਸਾਹਮਣਾ ਕਰ ਰਿਹਾ ਹੈ ਤੇ ਇਸ ਦੇ ਸੁੰਗੜਨ ਦਾ ਇੱਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਉਨ੍ਹਾਂ ਕਿਹਾ ਕਿ ਅਜਿਹੀ ਸੰਭਾਵਨਾ ਹੈ ਕਿ ਗੁਆਂਢੀ ਸ਼ਹਿਰ ਕੋਲਕਾਤਾ ਦੇ ਕਈ ਹਿੱਸੇ ਵੀ ਸੁੰਗੜ ਰਹੇ ਹਨ।

ਜੀ ਐੱਸ ਆਈ ਦੇ ਸਾਲਟ ਲੇਕ ਦਫਤਰ ਵਿੱਚ ਪਿਛਲੇ ਢਾਈ ਸਾਲਾਂ 'ਚ ਦਰਜ ਕੀਤੇ ਡਾਟਾ ਤੋਂ ਇਹ ਖੁਲਾਸਾ ਹੋਇਆ ਹੈ ਕਿ ਇਹ ਇਲਾਕਾ ਲਗਭਗ 19-20 ਮਿਲੀਮੀਟਰ ਪ੍ਰਤੀ ਸਾਲ ਦੀ ਦਰ ਨਾਲ ਸੁੰਗੜ ਰਿਹਾ ਹੈ। ਸੋਮ ਨੇ ਕਿਹਾ ਕਿ ਕਿਉਂਕਿ ਇਹ 300 ਕਿਲੋਮੀਟਰ ਦੇ ਘੇਰੇ ਅੰਦਰ ਡਾਟਾ ਲੈਣ ਦੇ ਯੋਗ ਹੈ, ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਕੋਲਕਾਤਾ ਸੁੰਗੜ ਰਿਹਾ ਹੈ। ਉਨ੍ਹਾਂ ਕਿਹਾ ਕਿ ਧਰਤੀ ਹੇਠਲੇ ਪਾਣੀ ਦੀ ਕਮੀ ਕਾਰਨ ਜਾਂ ਟੈਕਟੋਨਿਕ ਪਲੇਟਾਂ ਦੀਆਂ ਗਤੀਵਿਧੀਆਂ ਕਾਰਨ ਜ਼ਮੀਨ ਸੁੰਗੜ ਸਕਦੀ ਹੈ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪੂਰੇ ਦੇਸ਼ ਦੇ ਕਈ ਵੱਡੇ ਸ਼ਹਿਰ ਇਸ ਸਮੱਸਿਆ ਦਾ ਸਾਹਮਣਾ ਕਰ ਰਹੇ ਹਨ ਅਤੇ ਜੈਪੁਰ, ਦੇਹਰਾਦੂਨ, ਹੈਦਰਾਬਾਦ ਤੇ ਬੰਗਲੌਰ ਵੀ ਸੁੰਗੜ ਰਹੇ ਹਨ। ਡਾਟਾ ਤੋਂ ਇਹ ਵੀ ਪਤਾ ਲੱਗਾ ਹੈ ਕਿ ਹਿਮਾਲਿਆ ਦਾ ਪੂਰਾ ਹੇਠਲਾ ਹਿੱਸਾ ਤੇ ਇਸ ਨਾਲ ਲੱਗਦੇ ਇਲਾਕੇ ਵੀ ਵੱਖ-ਵੱਖ ਦਰਾਂ ਨਾਲ ਸੁੰਗੜ ਰਹੇ ਹਨ, ਪਰ ਹਿਮਾਲਿਆ ਪਰਬਤ ਲੜੀ ਦੀ ਉਚਾਈ ਵੱਧ ਰਹੀ ਹੈ, ਪਟਨਾ ਅਤੇ ਨਾਗਪੁਰ ਦੀ ਉਚਾਈ (ਸਮੁੰ-ਦਰ ਤਲ ਤੋਂ) ਵੀ ਵੱਧ ਰਹੀ ਹੈ। ਇਹ ਸਭ ਟੈਕਟੋਨਿਕ ਪਲੇਟਾਂ ਕਾਰਨ ਹੋ ਰਿਹਾ ਹੈ। ਜੀ ਐੱਸ ਆਈ ਦੇ ਡਾਇਰੈਕਟਰ ਨੇ ਕਿਹਾ ਕਿ ਇਸ ਮਾਮਲੇ ਵਿੱਚ ਜੈਪੁਰ ਤੇ ਸਾਲਟ ਲੇਕ ਸ਼ਹਿਰ ਸਭ ਤੋਂ ਵੱਧ ਪ੍ਰਭਾਵਤ ਹਨ। ਪੱਛਮੀ ਤੱਟ ਵੀ ਇਸ ਤੋਂ ਪ੍ਰਭਾਵਤ ਹੋ ਰਿਹਾ ਹੈ ਤੇ ਤਿਰੂਵਨੰਤਪੁਰਮ ਤੇ ਪੁਣੇ ਵੀ ਇਸ ਸਮੱਸਿਆ ਦਾ ਸਾਹ-ਮਣਾ ਕਰ ਰਹੇ ਹਨ।

# ਪਿਓ ਨੇ ਧੀਆਂ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ



ਸਾਦੁਲ ਸ਼ਹਿਰ, 21 ਅਕਤੂਬਰ (ਪੋਸਟ ਬਿਊਰੋ)- ਗ੍ਰਾਮ ਪੰਚ-ਾਇਤ ਅਲੀਪੁਰਾ ਦੇ ਸਾਬਕਾ ਸਰਪੰਚ ਗਣਪਤ ਰਾਮ ਦੇ ਪੁੱਤ ਹਨੂੰਮਾਨ ਦਾਸ ਨੇ ਸਵੇਰੇ ਚਾਰ ਵਜੇ ਆਪਣੀਆਂ ਦੋ ਧੀਆਂ ਅਮਨਦੀਪ ਤੇ ਰਮਨਦੀਪ ਨੂੰ ਗੋਲੀ ਮਾਰ ਕੇ ਖੁਦ ਵੀ ਗੋਲੀ ਮਾਰ ਲਈ। ਸੂਤਰਾਂ ਅਨੁਸਾਰ ਹਨੂੰਮਾਨ ਦਾਸ ਦੀਆਂ ਚਾਰ ਧੀਆਂ ਅਤੇ ਇੱਕ ਪੁੱਤਰ ਸੀ।

ਮਿਲੀ ਜਾਣਕਾਰੀ ਅਨੁਸਾਰ ਹਨੂੰਮਾਨ ਦਾਸ ਆਪਣੀ ਰਿਸ਼ਤੇਦਾਰੀ ਵਿੱਚ ਇੱਕ ਵਿਆਹ ਸਮਾਗਮ 'ਚੋਂ ਦੇਰ ਰਾਤ ਪਰਤਿਆ ਸੀ। ਕੱਲ੍ਹ ਸਵੇਰੇ ਉਹ ਛੱਤ ਤੋਂ ਹੇਠਾਂ ਆਇਆ ਅਤੇ ਹੇਠਾਂ ਸੌਂ ਰਹੀਆਂ ਦੋ ਧੀਆਂ ਮਨਦੀਪ ਤੇ ਰਮਨਦੀਪ ਨੂੰ ਗੋਲੀ ਮਾਰ ਕੇ ਖੁਦ ਨੂੰ ਗੋਲੀ ਮਾਰ ਲਈ। ਗੋਲੀ ਦੀ ਆਵਾਜ਼ ਸੁਣ ਕੇ ਪਿੰਡ ਵਾਸੀ ਮੌਕੇ 'ਤੇ ਪੁੱਜੇ ਅਤੇ ਦੋਵਾਂ ਲੜਕੀਆਂ ਨੂੰ ਕਾਰ 'ਚ ਸਾਦੁਲ ਸ਼ਹਿਰ ਦੇ ਸਰਕਾਰੀ ਹਸਪਤਾਲ ਲੈ ਕੇ ਗਏ, ਜਿੱਥੇ ਡਾਕਟਰਾਂ ਨੇ ਦੋਵਾਂ ਨੂੰ ਮ੍ਰਿਤਕ ਐਲਾਨ ਦਿੱਤਾ। ਥਾਣਾ ਮੁਖੀ ਬਲਵੰਤ ਰਾਮ ਨੇ ਘਟਨਾ ਸਥਾਨ ਦਾ ਦੌਰਾ ਕੀਤਾ ਅਤੇ ਜਾਇਜ਼ ਲਿਆ ਅਤੇ ਕਿਹਾ ਕਿ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

# ਕਾਰ ਉੱਤੇ ਪਲਾਈਵੁੱਡ ਦਾ ਟਰੱਕ ਪਲਟਿਆ, ਤਿੰਨ ਮੌਤਾਂ

ਹਿਸਾਰ, 21 ਅਕਤੂਬਰ (ਪੋਸਟ ਬਿਊਰੋ)- ਪਿੰਡ ਤਲਵੰਡੀ ਰਾਣਾ ਦੇ ਨੇੜੇ ਹਿਸਾਰ-ਚੰਡੀਗੜ੍ਹ ਨੈਸ਼ਨਲ ਹਾਈਵੇ ਉਤੇ ਸਵਿਫਟ ਗੱਡੀ 'ਤੇ ਪਲਾਈਵੁੱਡ ਨਾਲ ਭਰਿਆ ਟਰੱਕ ਪਲਟਣ ਨਾਲ ਪਾਣੀਪਤ ਦੇ ਕਰਾੜ ਪਿੰਡ ਵਾਸੀ ਅਨੀਤਾ (39), ਪਾਣੀਪਤ ਦੇ ਖਲੀਲਾ ਪਿੰਡ ਦੀ ਰਾਜ ਰਾਣੀ (32) ਅਤੇ ਜੀਂਦ ਦੇ ਹੀਰਕਾ ਪਿੰਡ ਦੀ ਸੰਤੋਸ਼ (60) ਦੀ ਮੌਤ ਹੋ ਗਈ। ਹਾਦਸੇ ਵਿੱਚ ਮ੍ਰਿਤਕਾ ਅਨੀਤਾ ਦੇ ਪਤੀ 43 ਸਾਲਾ ਜਗਪਾਲ ਅਤੇ ਰਾਜ ਰਾਣੀ ਦੇ ਪਤੀ ਜੋਗਿੰਦਰ ਵੀ ਗੰਭੀਰ ਜ਼ਖਮੀ ਹੋ ਗਏ। ਦੋਵਾਂ ਜ਼ਖਮੀ ਮਮੇਰੇ ਭਰਾ ਹਨ, ਜਦ ਕਿ ਮ੍ਰਿਤਕ ਸੰਤੋਸ਼ ਜਗਪਾਲ ਦੀ ਸੱਸ ਹੈ।

ਪੁਲਸ ਦੇ ਅਨੁਸਾਰ ਪਾਣੀਪਤ ਅਤੇ ਜੀਂਦ ਦੇ ਰਹਿਣ ਵਾਲੇ ਇੱਕ ਪਰਵਾਰ ਦੇ ਪੰਜ ਲੋਕ ਰਾਜਸਥਾਨ ਦੇ ਪੀਲੀ ਗੰਗਾ ਗਏ ਸਨ। ਪਰਵਾਰ ਵਿੱਚ ਜੋਗਿੰਦਰ ਨੂੰ ਬ੍ਰੇਨ ਟਿਊਮਰ ਅਤੇ ਸੰਤੋਸ਼ ਨੂੰ ਪੇਟ ਵਿੱਚ ਕੈਂਸਰ ਦੀ ਸ਼ਿਕਾਇਤ ਸੀ। ਉਹ ਉਥੇ ਝਾੜਾ ਲਗਵਾਉਣ ਗਏ ਸਨ। ਉਥੋਂ ਸ਼ਾਮ ਨੂੰ ਚਾਰ ਵਜੇ ਚੱਲਣ ਦੇ ਬਾਅਦ ਤਲਵੰਡੀ ਰਾਣਾ ਨੇੜੇ ਕਰੀਬ ਨੌਂ ਵਜੇ ਟੀ ਪੁਆਇੰਟ 'ਤੇ ਪਹੁੰਚੇ ਸਨ। ਉਸੇ ਦੌਰਾਨ ਉਕਲਾਣਾ ਵੱਲੋਂ ਇੱਕ ਤੇਜ਼ ਰਫਤਾਰ ਆ ਰਹੇ ਪਲਾਈਵੁੱਡ ਨਾਲ ਭਰੇ ਟਰੱਕ ਚਾਲਕ ਨੇ ਟੀ ਪੁਆਇੰਟ ਉਤੇ ਮੁੜਨ ਤੋਂ ਪਹਿਲਾਂ ਗੱਡੀ ਨੂੰ ਦੇਖ ਕੇ ਬ੍ਰੇਕ ਲਗਾਉਣ ਦੀ ਕੋਸ਼ਿਸ਼ ਕੀਤੀ, ਪਰੰਤੂ ਸਪੀਡ ਵੱਧ ਹੋਣ ਅਤੇ ਲੋਡਿਡ ਹੋਣ ਦੇ ਕਾਰਨ ਉਹ ਨਹੀਂ ਰੁਕ ਸਕਿਆ। ਉਹ ਗੱਡੀ ਦੇ ਨੇੜੇ ਆ ਕੇ ਤਿਰਛਾ ਹੋ ਗਿਆ ਅਤੇ ਪਲਾਈਵੁੱਡ ਨਾਲ ਭਰਿਆ ਹੋਣ ਕਾਰਨ ਉਹ ਗੱਡੀ 'ਤੇ ਪਲਟ ਗਿਆ। ਹਾਦਸੇ ਵਿੱਚ ਟਰੱਕ ਕਾਰ ਦੇ ਪਿਛਲੇ ਪਾਸੇ ਪਲਟਿਆ ਜਿਸ ਕਾਰਨ ਕਾਰਨ ਵਿੱਚ ਪਿਛਲੀ ਸੀਟ 'ਤੇ ਬੈਠੀਆਂ ਤਿੰਨੇ ਔਰਤਾਂ ਉਸ ਦੇ ਹੇਠਾਂ ਦੱਬ ਗਈਆਂ, ਜਦ ਕਿ ਅੱਗੇ ਵਾਲੇ ਦੋਵੇਂ ਗੰਭੀਰ ਜ਼ਖਮੀ ਹੋ ਗਏ।

# ਪਾਕਿਸਤਾਨ ਨੇ 70 ਸਾਲਾਂ ਵਿੱਚ ਪਹਿਲੀ ਵਾਰ ਭਾਰਤ ਨਾਲ ਡਾਕ ਸੇਵਾ ਬੰਦ ਕੀਤੀ

ਨਵੀਂ ਦਿੱਲੀ, 21 ਅਕਤੂਬਰ (ਪੋਸਟ ਬਿਊਰੋ)- ਭਾਰਤ-ਪਾਕਿਸਤਾਨ ਵੰਡ ਤੋਂ ਬਾਅਦ ਤਿੰਨ ਜੰਗਾਂ ਤੇ ਪਾਕਿਸਤਾਨ ਦੇ ਨਾਲ ਲਗਾਤਾਰ ਬਣੇ ਹੋਏ ਤਣਾਅ ਅਤੇ ਮੱਧ ਪੂਰਬ ਨਾਲ ਸੰਬੰਧਤ ਸਮੱਸਿਆ ਦੇ ਬਾਵਜੂਦ ਦੋਵਾਂ ਦੇਸ਼ਾਂ ਵਿਚਾਲੇ ਡਾਕ ਸੇਵਾ ਕਦੇ ਨਹੀਂ ਰੁਕੀ, ਪਰ ਬੀਤੇ ਅਗਸਤ ਵਿੱਚ ਜੰਮੂ-ਕਸ਼ਮੀਰ ਤੋਂ ਧਾਰਾ 370 ਨੂੰ ਹਟਾਏ ਜਾਣ ਪਿੱਛੋਂ ਪਾਕਿ-ਸਤਾਨ ਨੇ ਦੋਵਾਂ ਦੇਸ਼ਾਂ ਵਿਚਾਲੇ ਡਾਕ ਸੇਵਾ ਨੂੰ ਰੋਕ ਦਿੱਤਾ ਹੈ। ਭਾਰਤ ਨੇ ਇਸ ਨੂੰ ਮੰਦਭਾਗਾ ਕਦਮ ਦੱਸਿਆ ਹੈ।



ਪਤਾ ਲੱਗਾ ਹੈ ਕਿ ਡੇਢ ਮਹੀਨੇ ਤੋਂ ਵੱਧ ਸਮਾਂ ਪਹਿਲਾਂ ਜਦੋਂ ਪਾਕਿਸਤਾਨ ਨੇ ਬੀਤੀ 27 ਅਗਸਤ ਨੂੰ ਭਾਰਤੀ ਡਾਕ ਅਧਿਕਾਰੀਆਂ ਤੋਂ ਅਪਣੇ ਦੇਸ਼ ਲਈ ਡਾਕ ਦੀ ਇਕ ਖੇਪ ਲਈ, ਉਸ ਤੋਂ ਬਾਅਦ ਤੋਂ ਇਹ ਸੇਵਾ ਬੰਦ ਹੈ। ਡਾਕ ਸੇਵਾਵਾਂ ਦੇ ਡਾਇਰੈਕਟਰ (ਮੇਲ ਐਂਡ ਬਿਜ਼ਨਿਸ ਡਿਵੈਲਪਮੈਂਟ) ਆਰ ਵੀ ਚੌਧਰੀ ਮੁਤਾਬਕ ਇਹ ਇਕਤਰਫ਼ਾ ਫ਼ੈਸਲਾ ਪਾਕਿਸਤਾਨ ਵੱਲੋਂ ਸੀ ਤੇ ਇਸ ਤਰ੍ਹਾਂ ਦਾ ਫ਼ੈਸਲਾ ਪਹਿਲੀ ਵਾਰ ਕੀਤਾ ਗਿਆ ਹੈ। ਸਾਨੂੰ ਯਕੀਨ ਨਹੀਂ ਕਿ ਇਸ ਪਾਬੰਦੀ ਨੂੰ ਚੁੱਕਿਆ ਕਦੋਂ ਜਾਵੇਗਾ ਅਤੇ ਫਿਰ ਡਾਕ ਸੇਵਾ ਚਾਲੂ ਹੋਵੇਗੀ।

ਅੰਤਰਰਾਸ਼ਟਰੀ ਡਾਕ ਦੀਆਂ ਖੇਪਾਂ ਨਾਲ ਨਿਪਟਣ ਲਈ ਦੇਸ਼ ਦੇ 28 ਵਿਦੇਸ਼ੀ ਡਾਕਘਰਾਂ (ਐਫ਼ ਪੀ ਓ) ਵਿਚੋਂ ਸਿਰਫ ਦਿੱਲੀ ਅਤੇ ਮੁੰਬਈ ਐਫ਼ ਪੀ ਓ ਨੂੰ ਪਾਕਿਸਤਾਨ ਨੂੰ ਡਾਕ ਭੇਜਣ ਅਤੇ ਆਉਂਦੀ ਡਾਕ ਦੇ ਲਈ ਨਾਮਜ਼ਦ ਕੀਤਾ ਗਿਆ ਹੈ। ਕੇਂਦਰੀ ਸੰਚਾਰ ਮੰਤਰੀ ਰਵੀਸ਼ੰਕਰ ਪ੍ਰਸ਼ਾਦ ਨੇ ਅੱਜ ਸੋਮਵਾਰ ਨੂੰ ਪਾਕਿਸਤਾਨ ਉਤੇ ਹਮਲੇ ਕਰਦੇ ਹੋਏ ਕਿਹਾ ਕਿ ਇਕਤਰਫ਼ਾ ਤੇ ਬਿਨਾ ਪਹਿਲਾਂ ਸੂਚਨਾ ਤੋਂ ਭਾਰਤ ਨੂੰ ਪੱਤਰ ਅਤੇ ਮੇਲ ਭੇਜਣ ਉੱਤੇ ਰੋਕ ਲਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਹਰ ਦੇਸ਼ ਇੱਕ ਵਿਸ਼ਵ ਡਾਕ ਪ੍ਰਬੰਧ ਹੇਠ ਕੰਮ ਕਰਦਾ ਹੈ, ਪਰ ਪਾਕਿ-ਸਤਾਨ ਨੇ ਪਿਛਲੇ ਦੋ ਮਹੀਨਿਆਂ ਤੋਂ ਭਾਰਤ ਆਉਣ ਜਾਣ ਵਾਲੀਆਂ ਡਾਕ ਸੇਵਾਵਾਂ ਨੂੰ ਬਿਨਾਂ ਪਰੋਟੋਕੋਲ ਦੇ ਬੰਦ ਕਰ ਦਿੱਤਾ ਹੈ। ਇੱਕ ਸਟਾਰਟਅੱਪ ਪ੍ਰੋਗਰਾਮ ਵਿਚ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਇਹ ਸਿੱਧਾ ਸੰਸਾਰ ਦੇ ਡਾਕ ਪ੍ਰਬੰਧਾਂ ਦਾ ਉਲੰਘਣ ਹੈ, ਇਸ ਲਈ ਸਾਡੇ ਡਾਕ ਵਿਭਾਗ ਨੇ ਕਾਰਵਾਈ ਦੇ ਬਾਰੇ ਵੀ ਸੋਚਿਆ ਹੈ।

# ਉੱਤਰਾਖੰਡ ਵਿੱਚ ਚੱਟਾਨ ਡਿੱਗਣ ਨਾਲ ਅੱਠ ਜਣਿਆਂ ਦੀ ਮੌਤ

ਦੇਹਰਾਦੂਨ, 21 ਅਕਤੂਬਰ (ਪੋਸਟ ਬਿਊਰੋ)- ਉੱਤਰਾਖੰਡ ਦੇ ਰੁਦਰਪ੍ਰਯਾਗ ਜ਼ਿਲੇ ਦੇ ਚੰਡੀਕਾਧਾਰ ਵਿੱਚ ਪਹਾੜੀ ਵਿੱਚ ਮਲਬਾ ਡਿੱਗਣ ਨਾਲ ਅੱਠ ਜਣਿਆਂ ਦੀ ਮੌਤ ਹੋ ਗਈ। ਪੁਲਸ ਮੁਤਾਬਕ ਹਾਦਸਾ ਕੱਲ੍ਹ ਦੇਰ ਰਾਤ ਵਾਪਰਿਆ ਜਦ ਪਹਾੜੀ ਤੋਂ ਡਿੱਗੇ ਮਲਬੇ ਨਾਲ ਭਾਰੀ ਬੋਲਡਰ ਇੱਕ ਵਾਹਨ ਅਤੇ ਦੋ ਮੋਟਰ ਸਾਈਕਲਾਂ 'ਤੇ ਆ ਡਿੱਗਾ।

ਹਾਦਸਾ ਏਨਾ ਜ਼ਬਰਦਸਤ ਸੀ ਕਿ ਮਲਬੇ ਨਾਲ ਵਾਹਨ ਕਰੀਬ 500 ਮੀਟਰ ਡੂੰਘੀ ਖੱਡ ਵਿੱਚ ਜਾ ਡਿੱਗਾ। ਇਸ ਹਾਦਸੇ ਵਿੱਚ ਪੰਜ ਜਣਿਆਂ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਤਿੰਨ ਹੋਰਾਂ ਨੇ ਹਸਪਤਾਲ ਜਾ ਕੇ ਦਮ ਤੋੜ ਦਿੱਤਾ। ਜ਼ਿਲਾ ਅਧਿਕਾਰੀ ਗਣੇਸ਼ ਕੋਲੀ ਨੇ ਦੱਸਿਆ ਕਿ ਹਾਦਸੇ ਸਮੇਂ ਵਾਹਨ ਸੋਨਪ੍ਰਯਾਗ ਤੋਂ ਰੁਦਰਪ੍ਰਯਾਗ ਆ ਰਹੇ ਸਨ। ਹਾਦਸੇ ਦੇ ਸ਼ਿਕਾਰ ਤਿੰਨ ਜਣਿਆਂ ਦੀ ਸ਼ਨਾਖਤ ਹੋ ਚੁੱਕੀ ਹੈ ਜਿਨ੍ਹਾਂ ਵਿੱਚੋਂ ਇੱਕ ਰੁਦਰ ਪ੍ਰਯਾਗ ਅਤੇ ਦੋ ਰਿਸ਼ੀਕੇਸ਼ ਦੇ ਵਾਸੀ ਸਨ।

# ਕਸ਼ਮੀਰ ਦੇ ਸਕੂਲਾਂ ਵਿੱਚ ਹਾਜ਼ਰੀ 20 ਫੀਸਦੀ, ਪਰ ਜੰਮੂ ਵਿੱਚ 100 ਫੀਸਦੀ

ਨਵੀਂ ਦਿੱਲੀ, 21 ਅਕਤੂਬਰ (ਪੋਸਟ ਬਿਊਰੋ)- ਜੰਮੂ ਕਸ਼ਮੀਰ ਪ੍ਰਸ਼ਾਸਨ ਦੀ ਰਿਪੋਰਟ ਦੇ ਹਵਾਲੇ ਨਾਲ ਗ੍ਰਹਿ ਮੰਤਰਾਲੇ ਦੇ ਇੱਕ ਅਧਿਕਾਰੀ ਨੇ ਦੱਸਿਆ ਹੈ ਕਿ ਸੂਬੇ ਵਿੱਚ ਕਿਤੇ ਵੀ ਲੋਕਾਂ ਦੀ ਆਵਾਜਾਈ 'ਤੇ ਕੋਈ ਰੋਕ ਨਹੀਂ ਹੈ। ਕਸ਼ਮੀਰ ਵਿੱਚ 20 ਫੀਸਦੀ ਤੋਂ ਥੋੜ੍ਹਾ ਵੱਧ ਤੇ ਜੰਮੂ ਵਿੱਚ 100 ਫੀਸਦੀ ਵਿਦਿਆਰਥੀਆਂ ਨੇ ਸਕੂਲ ਜਾਣਾ ਸ਼ੁਰੂ ਕੀਤਾ ਹੈ।

ਅਧਿਕਾਰੀਆਂ ਨੇ ਦੱਸਿਆ ਕਿ 18 ਅਕਤੂਬਰ ਤੱਕ 1,02,069 ਲੈਂਡਾਲਾਈਨ ਫੋਨ ਕੁਨੈਕਸ਼ਨ ਬਾਹਲ ਕਰ ਦਿੱਤਾ ਗਏ ਹਨ ਅਤੇ ਕੱਲ੍ਹ ਤੱਕ 22 ਜ਼ਿਲ੍ਹਿਆਂ ਦੇ 84 ਫੀਸਦੀ ਪੋਸਟ ਪੇਡ ਮੋਬਾਈਲ ਫੋਨ ਕੁਨੈਕਸ਼ਨ ਚਾਲੂ ਕਰ ਦਿੱਤੇ ਗਏ ਹਨ। ਕਸ਼ਮੀਰ ਘਾਟੀ ਵਿੱਚ ਲੈਂਡਲਾਈਨ ਕੁਨੈਕਸ਼ਨ ਦੋ ਮਹੀਨੇ ਪਹਿਲਾਂ ਚਾਲੂ ਕਰ ਦਿੱਤੇ ਗਏ ਸਨ ਜਦਕਿ 14 ਅਕਤੂਬਰ ਨੂੰ ਪੋਸਟ ਪੇਡ ਮੋਬਾਈਲ ਕੁਨੈਕਸ਼ਨ ਬਹਾਲ ਕੀਤੇ ਗਏ ਹਨ। ਵਰਨਣ ਯੋਗ ਹੈ ਕਿ ਕੇਂਦਰ ਸਰਕਾਰ ਨੇ ਪੰਜ ਅਗਸਤ ਨੂੰ ਧਾਰਾ 370 ਹੇਠ ਜੰਮੂ ਕਸ਼ਮੀਰ ਨੂੰ ਮਿਲਿਆ ਵਿਸ਼ੇਸ਼ ਦਰਜਾ ਖਤਮ ਕਰ ਦਿੱਤਾ ਸੀ ਅਤੇ ਰਾਜ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਵੰਡਿਆ ਗਿਆ ਸੀ। ਇਸ ਤੋਂ ਬਾਅਦ ਰਾਜ ਦੇ ਲੋਕਾਂ ਤੇ ਵਾਹਨਾਂ ਦੀ ਆਵਾਜਾਈ 'ਤੇ ਰੋਕ ਲਾ ਦਿੱਤੀ ਗਈ ਸੀ। ਫੋਨ ਕੁਨੈਕਸ਼ਨ ਵੀ ਬੰਦ ਕਰ ਦਿੱਤੇ ਗਏ ਸਨ। ਅਧਿਕਾਰੀ ਨੇ ਦੱਸਿਆ ਕਿ ਘਾਟੀ ਵਿੱਚ ਕੱਲ੍ਹ ਤੱਕ 86.3 ਫੀਸਦੀ ਅਤੇ ਜੰਮੂ ਵਿੱਚ 100 ਫੀਸਦੀ ਅਧਿਆਪਕ ਸਕੂਲ ਆ ਰਹੇ ਹਨ। ਜੰਮੂ ਕਸ਼ਮੀਰ ਵਿੱਚ 21,328 ਸਕੂਲ ਖੁੱਲ੍ਹ ਗਏ ਹਨ ਜੋ ਕੁੱਲ ਸਕੂਲਾਂ ਦਾ 98 ਫੀਸਦੀ ਹੈ।

# ਮੁਲਕ ਦੇ ਭਲੇ ਲਈ ਵਿਚੋਲਗੀ ਕਮੇਟੀ ਨੂੰ ਤਜਵੀਜ਼ ਦਿੱਤੀ ਸੀ: ਸੁੰਨੀ ਵਕਫ ਬੋਰਡ

ਲਖਨਊ, 21 ਅਕਤੂਬਰ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਸੁੰਨੀ ਸੈਂਟਰਲ ਵਕਫ ਬੋਰਡ ਨੇ ਸੁਪਰੀਮ ਕੋਰਟ ਕੋਲੋਂ ਮੁਕੰਮਲ ਇਨਸਾਫ ਦੀ ਉਮੀਦ ਕਰਦਿਆਂ ਕਿਹਾ ਕਿ ਉਸ ਨੇ ਅਯੁੱਧਿਆ ਮਾਮਲੇ ਵਿੱਚ ਕਾਇਮ ਵਿਚੋਲਗੀ ਕਮੇਟੀ ਕੋਲ ਜਿਹੜੀ ਤਜਵੀਜ਼ ਪੇਸ਼ ਕੀਤੀ ਹੈ, ਉਹ ਇਸ ਦੇਸ਼ ਦੇ ਭਲੇ ਲਈ ਹੈ ਅਤੇ ਹਿੰਦੁਸਤਾਨ ਦੇ ਤਮਾਮ ਅਮਨ ਪਸੰਦ ਲੋਕਾਂ ਦੀ ਇਸ ਵਿੱਚ ਰਜ਼ਾਮੰਦੀ ਹੋਵੇਗੀ ਕਿ ਅਮਨ ਚਾਹੀਦਾ ਹੈ।



ਇਸ ਬੋਰਡ ਦੇ ਪ੍ਰਧਾਨ ਜ਼ਫਰ ਫਾਰੂਕੀ ਨੇ ਗੱਲਬਾਤ ਦੌਰਾਨ ਕਿਹਾ ਕਿ ਬੋਰਡ ਨੇ ਆਪਣੇ ਤਮਾਮ ਮੈਂਬਰਾਂ ਨਾਲ ਵਿਚਾਰ ਕਰ ਕੇ ਵਿਚੋਲਗੀ ਕਮੇਟੀ ਕੋਲ ਤਜਵੀਜ਼ ਰੱਖੀ ਸੀ। ਅਯੁੱਧਿਆ ਮਸਲਾ ਬੇਹੱਦ ਸੰਵੇਦਨਸ਼ੀਲ ਹੈ ਤੇ ਇਸ ਨਾਲ ਜੁੜੀਆਂ ਅਹਿਮ ਧਿਰਾਂ ਦਾ ਨਜ਼ਰੀਆ ਦੇਸ਼ ਦੇ ਭਵਿੱਖ 'ਤੇ ਅਸਰ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਯਕੀਨ ਹੈ ਕਿ ਸੁਪਰੀਮ ਕੋਰਟ ਇਸ ਕੇਸ ਵਿੱਚ ਮੁਕੰਮਲ ਇਨਸਾਫ ਦੇਵੇਗੀ। ਉਨ੍ਹਾਂ ਕਿਹਾ ਕਿ ਵਿਚਲੋਗੀ ਕਮੇਟੀ ਨੂੰ ਜਿਹੜੀ ਤਜਵੀਜ਼ ਅਸੀਂ ਦਿੱਤੀ ਹੈ, ਉਹ ਇੱਕ ਤਾਂ ਦੇਸ਼ ਦੇ ਭਲੇ ਵਿੱਚ ਹੈ ਅਤੇ ਜੇ ਅਦਾਲਤ ਇਸ ਨੂੰ ਮੰਨ ਲੈਂਦੀ ਹੈ ਤਾਂ ਤਮਾਮ ਅਮਨ ਪਸੰਦ ਹਿੰਦੁਸਤਾਨੀਆਂ ਦੀ ਇਸ ਵਿੱਚ ਰਜ਼ਾਮੰਦੀ ਹੋਵੇਗੀ। ਇਸ ਵਕਤ ਕਾਫੀ ਲੋਕ ਸਾਡਾ ਸਮਰਥਨ ਕਰ ਰਹੇ ਹਨ। ਕਾਨੂੰਨੀ ਮਸਲਾ ਹੈ, ਇਸ ਲਈ ਅਸੀਂ ਵਿਚੋਲਗੀ ਕਮੇਟੀ ਨੂੰ ਦਿੱਤੀ ਤਜਵੀਜ਼ ਬਾਰੇ ਨਹੀਂ ਦੱਸ ਸਕਦੇ।

ਫਾਰੂਕੀ ਨੇ ਕਿਹਾ ਕਿ ਬੋਰਡ ਨੇ ਵਿਚੋਲਗੀ ਕਮੇਟੀ ਨੂੰ ਜਿਹੜੀ ਤਜਵੀਜ਼ ਦਿੱਤੀ, ਉਸ ਨੂੰ ਇਹ ਨਾ ਸਮਝਿਆ ਜਾਵੇ ਕਿ ਅਸੀਂ ਵਿਵਾਦਤ ਜ਼ਮੀਨ 'ਤੇ ਆਪਣੇ ਦਾਅਵੇ ਤੋਂ ਹਟ ਰਹੇ ਹਾਂ, ਪਰ ਸੁਪਰੀਮ ਕੋਰਟ ਕੋਲ ਸੰਵਿਧਾਨ ਦੀ ਧਾਰਾ 142 ਹੇਠ ਅਧਿਕਾਰ ਹੈ ਕਿ ਉਹ ਮੁਕੰਮਲ ਇਨਸਾਫ ਕਰਨ ਲਈ ਕੋਈ ਵੀ ਫੈਸਲਾ ਕਰ ਸਕਦੀ ਹੈ। ਅਸੀਂ ਅਦਾਲਤ ਤੋਂ ਇਨਸਾਫ ਚਾਹੁੰਦੇ ਹਾਂ। ਉਨ੍ਹਾਂ ਕਿਹਾ ਕਿ ਜਦ ਕੋਈ ਕਦਮ ਚੁੱਕਿਆ ਜਾਵੇ ਤਾਂ ਕੁਝ ਲੋਕ ਉਸ ਦਾ ਸਮਰਥਨ ਕਰਦੇ ਹਨ ਤਾਂ ਕੁਝ ਲੋਕ ਵਿਰੋਧ ਕਰਦੇ ਹਨ। ਇਸ ਤਜਵੀਜ਼ ਨੂੰ ਸੁਪਰੀਮ ਕੋਰਟ ਵਿੱਚ ਪੇਸ਼ ਕੀਤਾ ਜਾ ਚੁੱਕਾ ਹੈ। ਅਦਾਲਤ ਨੇ ਵਿਚੋਲਗੀ ਕਮੇਟੀ ਦੀ ਕਾਰਵਾਈ ਦੀ ਮੀਡੀਆ ਰਿਪੋਰਟਿੰਗ ਉੱਤੇ ਰੋਕ ਲਾਈ ਹੋਈ ਹੈ, ਇਸ ਲਈ ਤਜਵੀਜ਼ ਦੀਆਂ ਗੱਲਾਂ ਦੀ ਅਧਿਕਾਰਤ ਪੁਸ਼ਟੀ ਨਹੀਂ ਹੋ ਸਕੀ ਰਿਪੋਰਟਾਂ ਮੁਤਾਬਕ ਬੋਰਡ ਦੇ ਵਕੀਲ ਨੇ ਕਿਹਾ ਹੈ ਕਿ ਬੋਰਡ ਨੇ ਕੁਝ ਸ਼ਰਤਾਂ 'ਤੇ ਬਾਬਰੀ ਮਸਜਿਦ ਦੀ ਜ਼ਮੀਨ ਤੋਂ ਦਾਅਵਾ ਛੱਡਣ ਲਈ ਕਿਹਾ ਹੈ।

# ਤਾਈਵਾਨ ਦੇ ਚੀਨ ਵਿੱਚ ਰਲੇਵੇਂ ਨੂੰ ਕੋਈ ਨਹੀਂ ਰੋਕ ਸਕਦਾ: ਚੀਨ



ਬੀਜਿੰਗ, 21 ਅਕਤੂਬਰ (ਪੋਸਟ ਬਿਊਰੋ)- ਚੀਨ ਦੇ ਰੱਖਿਆ ਮੰਤਰੀ ਜਨਰਲ ਵੇਈ ਫੌਂਗਹੇ ਨੇ ਤਾਈਵਾਨ ਦੇ ਚੀਨ ਵਿੱਚ ਰਲੇਵੇਂ ਬਾਰੇ ਦੁਨੀਆ ਨੂੰ ਖ਼ਬਰਦਾਰ ਕੀਤਾ ਹੈ। ਉਨ੍ਹਾਂ ਨੇ ਚੀਨ ਨਾਲ ਤਾਈਵਾਨ ਦੇ ਰਲੇਵੇਂ ਦੀ ਗੱਲ ਕਰਦਿਆਂ ਚਿਤਾਵਨੀ ਭਰੇ ਲਹਿਜ਼ੇ ਵਿੱਚ ਕਿਹਾ ਕਿ ਇਸ ਪ੍ਰਕਿਰਿਆ ਨੂੰ ਕੋਈ ਰੋਕ ਨਹੀਂ ਸਕਦਾ।

ਵਰਨਣ ਯੋਗ ਹੈ ਕਿ ਚੀਨ ਖ਼ੁਦਮੁਖ਼ਤਿਆਰ ਤਾਈਵਾਨ ਨੂੰ ਆਪਣਾ ਖੇਤਰ ਮੰਨਦਾ ਹੈ। ਖਾਨਾਜੰਗੀ ਮਗਰੋਂ ਇਹ ਦੁਵੱਲਾ ਖੇਤਰ 1949 ਵਿੱਚ ਚੀਨ ਤੋਂ ਵੱਖ ਹੋ ਗਿਆ ਸੀ। ਬੀਜਿੰਗ ਇਹ ਧਮਕੀ ਦੇ ਚੁੱਕਾ ਹੈ ਕਿ ਤਾਈਵਾਨ ਜੇ ਚੀਨ ਵਿੱਚ ਨਾ ਮਿਲਿਆ ਤਾਂ ਤਾਕਤ ਦੀ ਵਰਤੋਂ ਕਰ ਕੇ ਲਿਆ ਜਾਵੇਗਾ। ਫੌਂਗਹੇ ਨੇ ਇੱਥੇ ਸੋਮਵਾਰ ਨੂੰ ਏਸ਼ੀਆਈ ਰੱਖਿਆ ਮੰਤਰੀਆਂ ਤੇ ਅਧਿਕਾਰੀਆਂ ਦੇ ਇਕ ਸੰਮੇਲਨ ਵਿੱਚ ਆਖਿਆ ਕਿ ਚੀਨ ਨਾਲ ਤਾਈਵਾਨ ਦੇ ਰਲੇਵੇਂ ਦੇ ਯਤਨਾਂ ਨੂੰ ਕੋਈ ਤਾਕਤ ਨਹੀਂ ਰੋਕ ਸਕਦੀ, ਇਹ ਦੇਸ਼ ਹਿੱਤ ਦਾ ਸਭ ਤੋਂ ਵੱਡਾ ਮਾਮਲਾ ਹੈ।

ਚੀਨ ਅਤੇ ਤਾਈਵਾਨ ਵਿਚਾਲੇ ਸਬੰਧ ਸਾਲ 2016 ਵਿੱਚ ਉਦੋਂ ਵਿਗੜ ਗਏ ਸਨ, ਜਦੋਂ ਰਾਸ਼ਟਰਪਤੀ ਸਾਈ ਇੰਗ-ਵੇਨ ਸੱਤਾ ਵਿੱਚ ਆਈ ਸੀ। ਉਨ੍ਹਾਂ ਦੀ ਪਾਰਟੀ ਨੇ ਤਾਈਵਾਨ ਨੂੰ ਚੀਨ ਦੇ ਹਿੱਸੇ ਵਜੋਂ ਮਾਨਤਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਤਾਈਵਾਨ ਉੱਤੇ ਦਬਾਅ ਬਣਾਉਣ ਲਈ ਚੀਨ ਉਸ ਦੇ ਨੇੜਲੇ ਇਲਾਕੇ ਵਿੱਚ ਕਈ ਫ਼ੌਜੀ ਅਭਿਆਸ ਕਰ ਚੁੱਕਾ ਹੈ। ਉਸ ਨੇ ਤਾਈਵਾਨ ਨੇੜੇ ਪੂਰਬੀ ਚੀਨ ਸਾਗਰ ਵਿੱਚ ਬੀਤੇ ਅਗਸਤ ਤੇ ਜੁਲਾਈ ਵਿੱਚ ਤਿੰਨ ਵਾਰ ਫ਼ੌਜੀ ਅਭਿਆਸ ਕੀਤੇ ਸਨ। ਤਾਈਵਾਨ ਅਤੇ ਅਮਰੀਕਾ ਵਿਚਾਲੇ ਵਧਦੇ ਰੱਖਿਆ ਸਬੰਧ ਵੀ ਚੀਨ ਨੂੰ ਪਸੰਦ ਨਹੀਂ ਹਨ। ਬੀਤੇ ਅਗਸਤ ਮਹੀਨੇ ਵਿੱਚ ਅਮਰੀਕਾ ਨੇ ਤਾਈਵਾਨ ਨੂੰ 66 ਐੱਫ-16 ਜੰਗੀ ਜਹਾਜ਼ ਵੇਚਣ ਦੀ ਮਨਜ਼ੂਰੀ ਦੇ ਦਿੱਤੀ ਸੀ। ਇਸ ਉੱਤੇ ਚੀਨ ਨੇ ਸਖ਼ਤ ਨਾਰਾਜ਼ਗੀ ਪ੍ਰਗਟਾਈ ਸੀ।

# 1984 ਸਿੱਖ ਨਸਲਕੁਸ਼ੀ ਬਾਰੇ ਅਮਰੀਕਾ ਵਿੱਚ ਯਾਦਗਾਰ ਹਟਾਈ ਗਈ




ਨੌਰਵਿਚ, 21 ਅਕਤੂਬਰ (ਪੋਸਟ ਬਿਊਰੋ)- ਭਾਰਤ ਦੇ ਵਿਰੋਧ ਤੇ ਕੀਤੀ ਗਈ ਬੇਨਤੀ ਉੱਤੇ ਇਥੇ ਓਟਿਸ ਲਾਇਬਰੇਰੀ ਵਿੱਚ ਲਗੱਭਗ ਤਿੰਨ ਮਹੀਨੇ ਪਹਿਲਾਂ ਸਥਾਪਤ ਕੀਤੀ '1984 ਸਿੱਖ ਨਸਲਕੁਸ਼ੀ ਯਾਦਗਾਰ' ਨੂੰ ਉਥੋਂ ਹਟਾ ਦਿੱਤਾ ਗਿਆ ਹੈ। ਇਹ ਯਾਦਗਾਰ 1984 ਵਿੱਚ ਭਾਰਤ 'ਚ ਸਿੱਖ ਵਿਰੋਧੀ ਦੰਗਿਆਂ ਦੌਰਾਨ ਮਾਰੇ ਗਏ ਸਿੱਖ ਪੀੜਤਾਂ ਨਾਲ ਸਬੰਧਤ ਸੀ। ਇਸ ਸਮਾਰਕ ਉਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਤਸਵੀਰ ਵੀ ਲੱਗੀ ਸੀ।

ਓਟਿਸ ਲਾਇਬਰੇਰੀ ਬੋਰਡ ਦੇ ਟਰੱਸਟੀਆਂ ਦੇ ਮੁਖੀ ਨਿਕੋਲਸ ਫੋਰਟਸਨ ਨੇ ਨੌਰਵਿਚ ਬੁਲਿਟਨ ਨੂੰ ਦੱਸਿਆ ਕਿ 'ਓਟਿਸ ਲਾਇਬਰੇਰੀ ਅਤੇ ਦਿ ਨੌਰਵਿਚ ਮੌਨੂਮੈਂਟਸ ਕਮੇਟੀ, ਯਾਦਗਾਰ ਉਤੇ ਲੱਗੀ ਪਲੇਕ (ਧਾਤ ਦੀ ਫੱਟੀ), ਝੰਡਿਆਂ ਤੇ ਤਸਵੀਰ ਨੂੰ ਉਥੋਂ ਹਟਾਉਣ ਲਈ ਸਾਂਝੇ ਤੌਰ 'ਤੇ ਸਹਿਮਤ ਹਨ।' ਉਨ੍ਹਾਂ ਕਿਹਾ ਕਿ ਯਾਦਗਾਰ ਨੂੰ ਦੋ ਹਫਤੇ ਪਹਿਲਾਂ ਉਥੋਂ ਹਟਾ ਦਿੱਤਾ ਗਿਆ ਸੀ। ਸ਼ਹਿਰ ਵਿੱਚ ਸਿੱਖ ਭਾਈਚਾਰੇ ਦੇ ਆਗੂ ਅਤੇ ਸਥਾਨਕ ਕਾਰੋਬਾਰੀ ਸਵਰਨਜੀਤ ਸਿੰਘ ਖਾਲਸਾ ਨੇ ਯਾਦਗਾਰ ਲਈ ਕੁਝ ਰਾਸ਼ੀ ਦਾਨ ਵਜੋਂ ਦਿੱਤੀ ਸੀ। ਖਾਲਸਾ ਨੇ ਲਾਇਬਰੇਰੀ ਦੇ ਟਰੱਸਟੀਆਂ ਵੱਲੋਂ ਯਾਦਗਾਰ ਨੂੰ ਹਟਾਉਣ ਦੇ ਫੈਸਲੇ ਦਾ ਵਿਰੋਧ ਕਰਦਿਆਂ ਕਿਹਾ ਕਿ 'ਇਹ ਖੇਤਰ ਭਾਰਤ ਦੀ ਮਾਲਕੀ ਵਾਲਾ ਨਹੀਂ ਹੈ। ਇਸ ਫੈਸਲੇ ਤੋਂ ਭਾਈਚਾਰਾ ਖਾਸਾ ਨਾਰਾਜ਼ ਹੈ।' ਖਾਲਸਾ ਨੇ ਕਿਹਾ, ਕਿ ਯਾਦਗਾਰ, 1984 ਵਿੱਚ ਸਿੱਖ ਭਾਈਚਾਰੇ ਨਾਲ ਵਪਾਰੇ ਭਾਣੇ ਨੂੰ ਦੱਸਣ ਦਾ ਇੱਕ 'ਨਿਵੇਕਲੀ ਮੌਕਾ' ਸੀ। ਯਾਦਗਾਰ 'ਤੇ ਲੱਗੀ ਪਲੇਕ, ਝੰਡੇ ਤੇ ਭਿੰਡਰਾਂਵਲੇ ਦੀ ਤਸਵੀਰ ਖਾਲਸਾ ਨੂੰ ਮੋੜ ਦਿੱਤੀ ਗਈ ਹੈ। ਖਾਲਸਾ ਨੇ ਕਿਹਾ ਕਿ ਯਾਦਗਾਰ ਨੂੰ ਸਿਟੀ ਹਾਲ ਵਿੱਚ ਬਦਲਿਆ ਜਾ ਸਕਦਾ ਹੈ ਕਿ ਅਸੀਂ ਇਸ ਮੁੱਦੇ ਨੂੰ ਸੁਲਝਾਅ ਲਵਾਂਗੇ ਅਤੇ ਅਸੀਂ ਆਪਣੇ ਹਿੱਸੇ ਦਾ ਬਿਰਤਾਂਤ ਬਿਆਨਦੇ ਰਹਾਂਗੇ।' ਖਾਲਸਾ ਨੇ ਕਿਹਾ ਕਿ ਉਹ ਸਿਟੀ ਹਾਲ ਦੇ ਬਾਹਰ 9 ਨਵੰਬਰ ਨੂੰ ਇਸ ਬਾਰੇ ਇੱਕ ਸਮਾਗਮ ਕਰਵਾਉਣ ਦੀ ਯੋਜਨਾ ਬਣਾ ਰਹੇ ਹਨ।

ਦੂਸਰੇ ਪਾਸੇ ਸ਼ਹਿਰ ਦੀ ਪਲੇਕਸ ਅਤੇ ਮੌਨੂਮੈਂਟਸ ਕਮੇਟੀ ਦੇ ਮੈਂਬਰਾਂ ਵਿੱਚ ਸ਼ਾਮਲ ਸਟੇਸੀ ਗੋਲਡ ਨੇ ਕਿਹਾ ਕਿ ਕਮੇਟੀ ਯਾਦਗਾਰ ਨੂੰ ਹਟਾਉਣ ਬਾਰੇ ਲਾਇਬਰੇਰੀ ਦੀ ਅਪੀਲ ਨਾਲ ਸਹਿਮਤ ਸੀ। ਕਮੇਟੀ ਦੇ ਹੋਰਨਾਂ ਮੈਂਬਰਾਂ ਵਿੱਚ ਜੋਅ ਡੀਲੂਸੀਆ ਅਤੇ ਕੌਂਸਲ ਪ੍ਰਧਾਨ ਪ੍ਰੋ ਟੈਮ ਬਿਲ ਨੈਸ਼ ਸ਼ਾਮਲ ਹਨ। ਗੋਲਡ ਨੇ ਕਿਹਾ, 'ਉਨ੍ਹਾਂ ਫੈਸਲਾ ਕੀਤਾ ਹੈ ਕਿ ਇਹ (ਯਾਦਗਾਰ) ਲਾਇਬਰੇਰੀ ਦੇ ਮਿਸ਼ਨ ਲਈ ਢੁਕਵੀਂ ਨਹੀਂ ਸੀ।'

ਫੋਰਟਸਨ ਨੇ ਕਿਹਾ ਕਿ ਜੂਨ ਵਿੱਚ ਯਾਦਗਾਰ ਦੇ ਉਦਘਾਟਨ ਮਗਰੋਂ ਲਾਇਬਰੇਰੀ ਨੂੰ 'ਇਸ ਦੀ ਹਮਾਇਤ ਅਤੇ ਨੁਕਤਾਚੀਨੀ, ਦੋਵਾਂ ਤਰ੍ਹਾਂ ਦੇ ਪ੍ਰਤੀਕਰਮ ਮਿਲੇ ਸਨ। ਨੁਕਤਾਚੀਨੀ ਕਰਨ ਵਾਲਿਆਂ 'ਚ ਭਾਰਤ ਸਰਕਾਰ ਵੀ ਸ਼ਾਮਲ ਸੀ। ਫੋਰਟਸਨ ਨੇ ਕਿਹਾ ਕਿ ਨਿਊ ਯਾਰਕ ਸਥਿਤ ਭਾਰਤੀ ਕੌਂਸੁਲੇਟ ਤੋਂ ਓਟਿਸ ਲਾਇਬਰੇਰੀ ਦੇ ਕਾਰਜਕਾਰੀ ਡਾਇਰੈਕਟ ਬੌਬ ਫੇਅਰਵੈਲ ਨੂੰ ਯਾਦਗਾਰ ਬਾਰੇ ਫੋਨ ਵੀ ਆਇਆ। ਇਸ ਯਾਦਗਾਰ ਦੇ ਨਾਲ ਕੁਝ ਸਥਾਨਕ ਹਿੰਦੂ ਪ੍ਰੇਸ਼ਾਨ ਸਨ। ਗੋਲਡ ਨੇ ਕਿਹਾ, 'ਲਾਇਬਰੇਰੀ ਕਿਸੇ ਵਿਵਾਦ ਵਿੱਚ ਨਹੀਂ ਪੈਣਾ ਚਾਹੁੰਦੀ, ਕਿਉਂਕਿ ਇਹ ਇੱਕ ਗੈਰ ਸਿਆਸੀ ਜਥੇਬੰਦੀ ਹੈ। ਅਸੀਂ ਲਾਇਬਰੇਰੀ ਵਿੱਚ ਆਉਣ ਵਾਲਿਆਂ ਨੂੰ ਸੁਰੱਖਿਅਤ ਮਾਹੌਲ ਦੇਣਾ ਚਾਹੁੰਦੇ ਹਾਂ।'

ਸਾਲ 1984 ਸਿੱਖ ਨਸਲਕਸ਼ੀ ਨਾਲ ਸਬੰਧਤ ਯਾਦਗਾਰ ਲਾਇਬਰੇਰੀ ਦੀ ਮੁੱਖ ਲੌਬੀ ਵਿੱਚ ਸਥਾਪਤ ਕੀਤੀ ਗਈ ਸੀ। ਕੰਧ 'ਤੇ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਫੋਟੋ ਹੇਠ ਗੁਰਦੁਆਰਿਆਂ ਦੀ ਰਾਖੀ ਦੌਰਾਨ ਮਾਰੇ ਗਏ ਸਿੱਖ ਸਿਪਾਹੀਆਂ ਦੇ ਮਾਣ ਵਿੱਚ ਪਲੇਕ (ਤਾਂਬੇ ਦੀ ਇੱਕ ਫੱਟੀ) ਲੱਗੀ ਸੀ। ਇਸ ਪਲੇਕ ਉਤੇ ਨਵੰਬਰ 1984 ਦੌਰਾਨ ਦੇਸ਼ ਵਿੱਚ ਸਿੱਖਾਂ ਦੀ ਨਸਲਕੁਸ਼ੀ ਲਈ ਚਲਾਈ ਗਈ ਮੁਹਿੰਮ ਨੂੰ ਸਰਕਾਰੀ ਸ਼ਹਿ ਹੋਣ ਦਾ ਦਾਅਵਾ ਕੀਤਾ ਗਿਆ ਸੀ। ਜੂਨ ਵਿੱਚ ਯਾਦਗਾਰ ਦੇ ਉਦਘਾਟਨ ਮੌਕੇ ਸ਼ਹਿਰ ਨਾਲ ਸਬੰਧਤ ਕਈ ਅਧਿਕਾਰੀ ਤੇ ਸਿੱਖ ਭਾਈਚਾਰੇ ਨਾਲ ਸਬੰਧਤ ਆਗੂ ਤੇ ਵੱਡੀ ਗਿਣਤੀ ਸਿੱਖ ਮੌਜੂਦ ਸਨ। ਇਹ ਅਮਰੀਕਾ ਵਿੱਚ ਆਪਣੀ ਤਰ੍ਹਾਂ ਦੀ ਪਹਿਲੀ ਯਾਦਗਾਰ ਸੀ।

# ਚੀਨ ਛੱਡ ਰਹੀਆਂ ਕੰਪਨੀਆਂ ਲਈ ਭਾਰਤ ਬਲਿਊ ਪ੍ਰਿੰਟ ਤਿਆਰ ਕਰੇਗਾ



ਵਾਸ਼ਿੰਗਟਨ, 21 ਅਕਤੂਬਰ (ਪੋਸਟ ਬਿਊਰੋ)- ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਚੀਨ ਛੱਡਣ 'ਤੇ ਵਿਚਾਰ ਕਰ ਰਹੀਆਂ ਕੰਪਨੀਆਂ ਨੂੰ ਭਾਰਤ ਲਿਆਉਣ ਲਈ ਬਲਿਊ ਪ੍ਰਿੰਟ ਤਿਆਰ ਕਰਨ ਦੀ ਗੱਲ ਕਹੀ ਹੈ। ਉਨ੍ਹਾਂ ਕਿਹਾ ਕਿ ਜਿਹੜੇ ਇੰਡਸਟਰੀ ਲੀਡਰ ਆਪਣੇ ਵਪਾਰ ਨੂੰ ਚੀਨ ਤੋਂ ਕੱਢ ਕੇ ਕਿਤੇ ਹੋਰ ਸਥਾਪਤ ਕਰਨਾ ਚਾਹੁੰਦੇ ਹਨ, ਉਹ ਨਿਸ਼ਚਿਤ ਤੌਰ 'ਤੇ ਭਾਰਤ ਵਿੱਚ ਸੰਭਾਵਨਾਵਾਂ ਤਲਾਸ਼ ਸਕਣਗੇ। ਇਸ ਲਈ ਜ਼ਰੂਰੀ ਹੈ ਕਿ ਸਰਕਾਰ ਇਸ ਵੱਲ ਧਿਆਨ ਦੇਵੇ ਅਤੇ ਇੰਡਸਟਰੀ ਦੇ ਲੀਡਰਜ਼ ਨਾਲ ਮਿਲ ਕੇ ਉਨ੍ਹਾਂ ਨੂੰ ਭਾਰਤ ਆਉਣ ਦਾ ਸੱਦਾ ਦੇਵੇ।

ਨਿਰਮਲਾ ਸੀਤਾਰਮਨ ਨੇ ਕਿਹਾ ਕਿ ਉਹ ਅਜਿਹੀਆਂ ਗਲੋਬਲ ਕੰਪਨੀਆਂ ਦੀ ਪਛਾਣ ਕਰੇਗੀ ਜਿਹੜੀਆਂ ਚੀਨ ਤੋਂ ਆਪਣਾ ਬਿਜ਼ਨਸ ਸਮੇਟ ਰਹੀਆਂ ਹਨ ਜਾਂ ਇਸ ਬਾਰੇ ਵਿਚਾਰ ਕਰ ਰਹੀਆਂ ਹਨ। ਉਹ ਅਜਿਹੀਆਂ ਕੰਪਨੀਆਂ ਨੂੰ ਭਰੋਸਾ ਦੇਣਗੇ ਕਿ ਭਾਰਤ ਨਿਵੇਸ਼ ਲਈ ਇੱਕ ਬਿਹਤਰ ਥਾਂ ਹੈ। ਉਨ੍ਹਾਂ ਕਿਹਾ ਕਿ ਅਸੀਂ ਸਿਰਫ ਅਮਰੀਕਾ-ਚੀਨ ਵਿੱਚ ਚੱਲ ਰਹੇ ਟਕਰਾਅ ਨੂੰ ਦੇਖ ਕੇ ਫੈਸਲੇ ਨਹੀਂ ਲਵਾਂਗੇ, ਇਸ ਤੋਂ ਇਲਾਵਾ ਵੀ ਕਈ ਕਾਰਨ ਹਨ, ਜਿਨ੍ਹਾਂ ਨਾਲ ਕੰਪਨੀਆਂ ਚੀਨ ਛੱਡਣ 'ਤੇ ਸੋਚ ਰਹੀਆਂ ਹਨ। ਵਿੱਤ ਮੰਤਰੀ ਦਾ ਕਹਿਣਾ ਸੀ ਕਿ ਇਹ ਜ਼ਰੂਰੀ ਨਹੀਂ ਕਿ ਸਾਰੀਆਂ ਕੰਪਨੀਆਂ ਚੀਨ ਤੋਂ ਬਾਹਰ ਨਿਕਲਣ 'ਤੇ ਵਿਚਾਰ ਕਰ ਰਹੀਆਂ ਹੋਣ। ਚੀਨ ਵੱਡਾ ਬਾਜ਼ਾਰ ਹੈ ਤੇ ਇਥੇ ਖਪਤ ਦਾ ਤਰੀਕਾ ਤੇ ਲੋਕਾਂ ਦੀ ਖਰੀਦ ਸ਼ਕਤੀ ਭਾਰਤ ਤੋਂ ਵੱਧ ਹੋ ਸਕਦੀ ਹੈ। ਅਸੀਂ ਅਜਿਹੀ ਵਿਵਸਥਾ ਬਣਾਉਣਾ ਚਾਹੁੰਦੇ ਹਾਂ ਜਿਸ ਨਾਲ ਗਲੋਬਲ ਕੰਪਨੀਆਂ ਭਾਰਤੀ ਬਾਜ਼ਾਰਾਂ ਵਿੱਚ ਨਿਵੇਸ਼ ਕਰਨ। ਇਸ ਲਈ ਭਾਰਤ ਵਿੱਚ ਦੂਜੀਆਂ ਥਾਵਾਂ ਦੇ ਮੁਕਾਬਲੇ ਬਿਹਤਰ ਸੰਭਾਲਨਵਾਂ ਮੌਜੂਦ ਹਨ।

# ਹਾਂਗਕਾਂਗ ਵਿੱਚ ਮਾਰਚ ਦੀ ਤਿਆਰੀ ਕਰਦੇ ਲੋਕਤੰਤਰ ਸਮਰਥਕ ਨੂੰ ਚਾਕੂ ਮਾਰਿਆ



ਹਾਂਗਕਾਂਗ, 21 ਅਕਤੂਬਰ (ਪੋਸਟ ਬਿਊਰੋ)- ਹਾਂਗਕਾਂਗ 'ਚ ਲੋਕਤੰਤਰ ਸਮਰਥਕਾਂ ਨਾਲ ਪਰਚੇ ਵੰਡਦੇ ਇੱਕ ਵਿਅਕਤੀ ਨੂੰ ਕੱਲ੍ਹ ਚਾਕੂ ਮਾਰ ਕੇ ਜ਼ਖਮੀ ਕਰ ਦਿੱਤਾ ਗਿਆ।

ਇਹ ਘਟਨਾ ਅਜਿਹੇ ਸਮੇਂ ਹੋਈ, ਜਦ ਹਾਂਗਕਾਂਗ ਸਰਕਾਰ ਦੇ ਵਿਰੁੱਧ ਪ੍ਰਦਰਸ਼ਨਕਾਰੀ ਪਿਛਲੇ ਕਈ ਦਿਨ ਬਿਨਾਂ ਇਜਾਜ਼ਤ ਮਾਰਚ ਕੱਢਦੇ ਅਤੇ ਅਗਲੀ ਤਿਆਰੀ ਕਰਦੇ ਰਹੇ ਸਨ। ਪੁਲਸ ਨੇ ਦੱਸਿਆ ਕਿ ਚਾਕੂ ਨਾਲ ਹਮਲਾ ਕਰ ਕੇ 19 ਸਾਲਾ ਇੱਕ ਵਿਅਕਤੀ ਨੂੰ ਜ਼ਖਮੀ ਕਰਨ ਦੇ ਦੋਸ਼ ਵਿੱਚ ਸ਼ਨੀਵਾਰ 22 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਵਰਨਣ ਯੋਗ ਹੈ ਕਿ ਹਾਂਗਕਾਂਗ ਵਿੱਚ ਪਿਛਲੇ ਪੰਜ ਮਹੀਨਿਆਂ ਤੋਂ ਚੱਲ ਰਹੇ ਪ੍ਰਦਰਸ਼ਨ ਹਿੰਸਕ ਹੁੰਦੇ ਗਏ ਹਨ। ਪ੍ਰਦਰਸ਼ਨ ਕਰਨ ਵਾਲਿਆਂ ਨੇ ਸ਼ਨੀਵਾਰ ਨੂੰ ਅਮਰੀਕੀ ਅਤੇ ਬ੍ਰਿਟਿਸ਼ ਝੰਡੇ ਲਹਿਰਾਏ ਅਤੇ ਬਾਹਰ ਤੋਂ ਮਦਦ ਦੀ ਮੰਗ ਕੀਤੀ।

ਹਾਂਗਕਾਂਗ 'ਚ ਦੋ ਲੋਕਤੰਤਰ ਸਮਰਥਕ ਵਰਕਰਾਂ ਦੀ ਕੁੱਟਮਾਰ ਅਤੇ ਚਾਕੂ ਦੇ ਹਮਲੇ ਤੋਂ ਨਾਰਾਜ਼ ਪ੍ਰਦਰਸ਼ਨ ਕਰਨ ਵਾਲਿਆਂ ਨੇ ਕੱਲ੍ਹ ਪੁਲਸ ਦੇ ਹੁਕਮਾਂ ਦੀ ਉਲੰਘਣਾ ਕਰ ਕੇ ਮਾਰਚ ਕੱਢਿਆ। ਇਸ ਮਾਰਚ ਦੌਰਾਨ ਪ੍ਰਸ਼ਾਸਨ ਨੇ ਸਗਨ ਬਾਜ਼ਾਰ, ਲਗਜ਼ਰੀ ਬੁਟੀਕ ਅਤੇ ਹੋਟਲਾਂ ਵਾਲੇ ਜ਼ਿਲੇ ਤਿਸਮ ਸ਼ਾ ਤਸੁਈ ਵਿੱਚ ਪ੍ਰਦਰਸ਼ਨ ਕਰਨ 'ਤੇ ਰੋਕ ਲਾਈ ਸੀ, ਪਰ ਇਸ ਦੇ ਬਾਵਜੂਦ ਹਜ਼ਾਰਾਂ ਲੋਕ ਪ੍ਰਦਰਸ਼ਨ ਵਿੱਚ ਸ਼ਾਮਲ ਹੋਏ। ਪ੍ਰਸ਼ਾਸਨ ਅਤੇ ਪ੍ਰਦਰਸ਼ਨਕਾਰੀਆਂ ਦਾ ਤਣਾਅ ਓਦੋਂ ਹੋਰ ਵਧ ਗਿਆ, ਜਦ ਹਫਤੇ ਦੇ ਅਖੀਰ ਵਿੱਚ ਪ੍ਰਦਰਸ਼ਨ ਦਾ ਆਯੋਜਨ ਕਰ ਰਹੇ ਸਮੂਹ ਦੇ ਨੇਤਾ ਜਿੰਮੀ ਸ਼ਾਮ 'ਤੇ ਬੁੱਧਵਾਰ ਨੂੰ ਕੁਝ ਲੋਕਾਂ ਨੇ ਹਥੌੜਿਆਂ ਅਤੇ ਚਾਕੂਆਂ ਨਾਲ ਹਮਲਾ ਕਰ ਦਿੱਤਾ।

# ਤੁਲਸੀ ਗਾਬਾਰਡ ਬਾਰੇ ਦਿੱਤੇ ਬਿਆਨ ਦੇ ਲਈ ਹਿਲੇਰੀ ਕਲਿੰਟਨ ਉੱਤੇ ਵਰ੍ਹੇ ਟਰੰਪ

ਵਾਸ਼ਿੰਗਟਨ, 21 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੀ ਪਹਿਲੀ ਹਿੰਦੂ ਪਾਰਲੀਮੈਂਟ ਮੈਂਬਰ ਤੁਲਸੀ ਗਬਾਰਡ ਅਤੇ ਗ੍ਰੀਨ ਪਾਰਟੀ ਨਾਲ ਜੁੜੀ ਜਿਲ ਸਟੀਨ ਬਾਰੇ ਦਿੱਤੇ ਬਿਆਨ ਲਈ ਰਾਸ਼ਟਰਪਤੀ ਡੋਨ-ਾਲਡ ਟਰੰਪ ਨੇ ਹਿਲੇਰੀ ਕਲਿੰਟਨ ਦੀ ਆਲੋਚਨਾ ਕੀਤੀ ਹੈ। ਕੱਲ੍ਹ ਕੀਤੇ ਟਵੀਟ ਵਿੱਚ ਟਰੰਪ ਨੇ ਕਿਹਾ ਕਿ ਹਿਲੇਰੀ ਪਾਗਲ ਹੋ ਗਈ ਹੈ।

ਸਾਬਕਾ ਵਿਦੇਸ਼ ਮੰਤਰੀ ਅਤੇ 2016 ਚੋਣਾਂ ਵਿੱਚ ਡੈਮੋਕ੍ਰੇਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਚੋਣ ਦੀ ਉਮੀਦਵਾਰ ਰਹੀ ਹਿਲੇਰੀ ਕਲਿੰਟਨ ਨੇ ਤੁਲਸੀ ਗਬਾਰਡ ਅਤੇ ਸਟੀਨ ਨੂੰ ਰੂਸ ਦੀ ਕਠਪੁਤਲੀ ਦੱਸਿਆ ਸੀ। ਗਬਾਰਡ ਡੈਮੋਕ੍ਰੇਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਉਮੀਦਵਾਰ ਬਣਨ ਦੀ ਦਾਅਵੇਦਾਰ ਹਨ। ਉਥੇ ਸਟੀਨ ਨੂੰ ਗ੍ਰੀਨ ਪਾਰਟੀ ਨੇ 2016 ਚੋਣਾਂ ਵਿੱਚ ਆਪਣਾ ਉਮੀਦਵਾਰ ਬਣਾਇਆ ਸੀ। ਬੀਤੀ ਦਿਨੀਂ ਇੱਕ ਇੰਟਰਵਿਊ ਵਿੱਚ ਹਿਲੇਰੀ ਕਲਿੰਟਨ ਨੇ ਕਿਹਾ, '2016 ਚੋਣਾਂ ਵਿੱਚ ਰੂਸ ਨੇ ਸਟੀਨ ਨੂੰ ਤੀਜੀ ਧਿਰ ਦੇ ਉਮੀਦਵਾਰ ਵਜੋਂ ਤਿਆਰ ਕੀਤਾ ਸੀ। ਅੱਗੋਂ 2020 ਚੋਣਾਂ ਵਿੱਚ ਟਰੰਪ ਦੀ ਜਿੱਤ ਯਕੀਨੀ ਕਰਨ ਲਈ ਉਹ ਡੈਮੋਕ੍ਰੇਟਿਕ ਪਾਰਟੀ ਦੀ ਕਿਸੇ ਨੇਤਾ ਜ਼ਰੀਏ ਅਜਿਹਾ ਕਰਨ ਦੀ ਤਿਆਰੀ ਕਰ ਰਿਹਾ ਹੈ।' ਹਿਲੇਰੀ ਨੇ ਹਾਲਾਂਕਿ ਗਬਾਰਡ ਦਾ ਨਾਂ ਨਹੀਂ ਲਿਆ, ਪਰ ਉਸ ਦੇ ਬਿਆਨ ਦਾ ਜਵਾਬ ਵਿੱਚ ਟਰੰਪ ਨੇ ਕਿਹਾ, 'ਚਾਲਬਾਜ਼ ਹਿਲੇਰੀ ਫਿਰ ਉਹੀ ਕਰ ਰਹੀ ਹੈ। ਉਹ ਤੁਲਸੀ ਗਬਾਰਡ ਅਤੇ ਸਟੀਨ ਨੂੰ ਰੂਸ ਦੀ ਪਸੰਦ ਦੱਸ ਰਹੀ ਹੈ। ਤੁਸੀਂ ਲੋਕਾਂ ਨੇ ਮੇਰੇ ਬਾਰੇ ਵਿੱਚ ਵੀ ਇਹੀ ਸੁਣਿਆ ਹੋਵੇਗਾ। ਮੈਨੂੰ ਵੀ ਰੂਸ ਦਾ ਵੱਡਾ ਪ੍ਰੇਮੀ ਦੱਸਿਆ ਗਿਆ ਸੀ। ਦਰਅਸਲ ਮੈਨੂੰ ਰੂਸ ਦੇ ਲੋਕ ਪਸੰਦ ਹਨ, ਮੈਂ ਸਾਰਿਆਂ ਨੂੰ ਪਸੰਦ ਕਰਦਾ ਹਾਂ। ਟਰੰਪ ਦੀ ਰਾਸ਼ਟਰਪਤੀ ਵਜੋਂ ਚੋਣ ਪਿੱਛੇ ਰੂਸ ਦੇ ਦਖਲ ਦਾ ਹੱਥ ਹੋਣ ਦੀਆਂ ਖਬਰਾਂ ਕਈ ਸਾਲਾਂ ਤੋਂ ਆ ਰਹੀਆਂ ਹਨ ਅਤੇ ਟਰੰਪ ਮੀਡੀਆ ਤੇ ਵਿਰੋਧੀ ਧਿਰ ਦੇ ਨਿਸ਼ਾਨੇ 'ਤੇ ਰਹੇ ਹਨ।

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

# ਤੁਰਕੀ ਨਾਲ ਸਮਝੌਤੇ ਤਹਿਤ ਕੁਰਦਾਂ ਨੇ ਪਹਿਲਾ ਸ਼ਹਿਰ ਛੱਡਿਆ




ਦਮਿਸ਼ਕ, 21 ਅਕਤੂਬਰ (ਪੋਸਟ ਬਿਊਰੋ)- ਤੁਰਕੀ ਨਾਲ ਅਮਰੀਕਾ ਦੇ ਆਰਜ਼ੀ ਜੰਗਬੰਦੀ ਸਮਝੌਤੇ ਤਹਿਤ ਕੁਰਦਾਂ ਨੇ ਸਰਹੱਦੀ ਸ਼ਹਿਰ ਰਾਸ ਅਲ-ਆਇਨ ਖਾਲੀ ਕਰ ਦਿੱਤਾ ਹੈ। ਸਮਝੌਤੇ ਦੇ ਤੀਜੇ ਦਿਨ ਨੂੰ ਕਈ ਦਰਜਨ ਵਾਹਨਾਂ 'ਚ ਸਵਾਰ ਸੈਂਕੜੇ ਕੁਰਦ ਲੜਾਕੇ ਅਤੇ ਆਬਾਦੀ ਸ਼ਹਿਰ ਤੋਂ ਬਾਹਰ ਜਾਂਦੇ ਦੇਖੇ ਗਏ। ਤੁਰਕੀ ਦਾ ਸਮਰਥਨ ਹਾਸਲ ਸੀਰੀਆਈ ਲੜਾਕਿਆਂ ਨੇ ਇਸ ਸ਼ਹਿਰ ਦਾ ਕਬਜ਼ਾ ਸੰਭਾਲ ਲਿਆ ਹੈ।

ਇੱਕ ਕੁਰਦ ਅਧਿਕਾਰੀ ਨੇ ਕਿਹਾ ਕਿ ਸਰਹੱਦੀ ਇਲਾਕਿਆਂ ਨੂੰ ਖਾਲੀ ਕਰਨ ਦਾ ਫੈਸਲਾ ਤੁਰਕੀ ਸਰਕਾਰ ਨਾਲ ਹੋਏ ਸਮਝੌਤੇ ਤਹਿਤ ਕੀਤਾ ਗਿਆ ਹੈ। ਤੁਰਕੀ ਦੇ ਦੱਸੇ ਸੁਰੱਖਿਅਤ ਖੇਤਰ ਤੋਂ ਕੁਰਦ ਆਬਾਦੀ ਕੱਲ੍ਹ ਸ਼ਾਮ ਤੱਕ ਬਾਹਰ ਚਲੀ ਜਾਵੇਗੀ, ਜਦੋਂ ਤੁਰਕੀ ਤੇ ਅਮਰੀਕਾ ਵਿਚਕਾਰ ਤੈਅ ਜੰਗਬੰਦੀ ਦੀ ਸਮਾਂ ਹੱਦ ਪੂਰੀ ਹੋਵੇਗੀ।

ਜ਼ਿਕਰ ਯੋਗ ਹੈ ਕਿ 9 ਅਕਤੂਬਰ ਨੂੰ ਤੁਰਕੀ ਨੇ ਸੀਰੀਆ ਦੇ ਸਰਹੱਦੀ ਇਲਾਕਿਆਂ 'ਤੇ ਹਮਲੇ ਸ਼ੁਰੂ ਕੀਤੇ ਸਨ। ਉਨ੍ਹਾਂ ਦੇ ਨਿਸ਼ਾਨੇ ਉਤੇ ਉਹ ਕੁਰਦ ਆਬਾਦੀ ਹੈ ਜਿਸ ਨੂੰ ਤੁਰਕੀ ਲੰਬੇ ਸਮੇਂ ਤੋਂ ਆਪਣਾ ਵਿਰੋਧੀ ਮੰਨਦਾ ਹੈ। ਤੁਰਕੀ ਦੇ ਦਬਾਅ ਦਾ ਨਤੀਜਾ ਰਿਹਾ ਹੈ ਕਿ ਖਾੜੀ ਦੀ ਲੜਾਈ ਵਿੱਚ ਅਮਰੀਕਾ ਦਾ ਸਾਥ ਦੇਣ ਵਾਲੀ ਕੁਰਦ ਆਬਾਦੀ ਨੂੰ ਆਪਣੀ ਜ਼ਮੀਨ ਛੱਡਣੀ ਪੈ ਰਹੀ ਹੈ। ਸੀਰੀਆ ਦੀ ਬਸ਼ਰ ਅਲ ਅਸਦ ਦੀ ਸਰਕਾਰ ਇਸ ਮਾਮਲੇ 'ਚ ਇਸ ਲਈ ਚੁੱਪ ਹੈ ਕਿਉਂਕਿ ਅਮਰੀਕਾ ਦੇ ਸਮਰਥਨ ਨਾਲ ਕੁਰਦ ਪਿਛਲੇ ਅੱਠ ਸਾਲ ਤੋਂ ਉਸ ਦੇ ਖਿਲਾਫ ਸੰਘਰਸ਼ ਛੇੜੀ ਬੈਠੇ ਸਨ। ਇਸ ਕਾਰਨ ਸੀਰੀਆ ਨੂੰ ਕਾਫੀ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ। ਤੁਰਕੀ ਦੇ ਇਸ ਕਦਮ ਨਾਲ ਸਿੱਧੇ ਤੌਰ ਉਤੇ ਸੀਰੀਆ ਦੀ ਸਰਕਾਰ ਨੂੰ ਵੀ ਲਾਭ ਹੋ ਰਿਹਾ ਹੈ। ਇਸ ਪ੍ਰਕਿਰਿਆ 'ਚ ਅਮਰੀਕਾ ਦੇ ਅਕਸ ਨੂੰ ਕਾਫੀ ਨੁਕਸਾਨ ਹੋਇਆ ਹੈ, ਕਿਉਂਕਿ ਇਰਾਕ ਤੇ ਸੀਰੀਆ 'ਚ ਉਸ ਦੇ ਮਦਦਗਾਰ ਕੁਰਦ ਘਾਟੇ 'ਚ ਰਹੇ।

# ਨਿਊ ਸਾਊਥ ਵੇਲਜ਼ ਵਿੱਚ ਕਈ ਥਾਈਂ ਜੰਗਲਾਂ ਨੂੰ ਅੱਗ ਲੱਗੀ



ਸਿਡਨੀ, 21 ਅਕਤੂਬਰ (ਪੋਸਟ ਬਿਊਰੋ)- ਨਿਊ ਸਾਊਥ ਵੇਲਜ਼ ਦੇ ਕਈ ਖੇਤਰੀ ਇਲਾਕਿਆਂ ਵਿੱਚ ਜੰਗਲਾਂ ਨੂੰ ਅੱਗ ਲੱਗਣ ਨਾਲ ਜਨ-ਜੀਵਨ ਕਾਫੀ ਪ੍ਰਭਾਵਿਤ ਹੋਇਆ ਹੈ। ਆਰਮੀਡੇਲ ਇਲਾਕੇ ਦੇ ਨੇੜੇ ਲੱਗੀ ਅੱਗ ਕਾਫੀ ਖਤਰਾ ਪੈਦਾ ਕਰ ਰਹੀ ਹੈ। ਨਿਊ ਸਾਊਥ ਵੇਲਜ਼ ਰੂਰਲ ਫਾਇਰ ਸਰਵਿਸ ਅਨੁਸਾਰ ਲੋਕਾਂ ਨੂੰ ਬਾਹਰ ਅੱਗ ਬਾਲਣ 'ਤੇ ਪੂਰੀ ਤਰ੍ਹਾਂ ਬੰਦੇ ਕੀਤਾ ਹੋਇਆ ਹੈ। ਪਿਨਕਟ ਰੋਡ, ਬਲੈਕਵਾਟਰ ਪੂਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਨੇੜੇ ਦੇ ਸੈਂਕੜੇ ਹੈਕਟੇਅਰ ਜੰਗਲ ਤੋਂ ਇਲਾਵਾ ਅੱਗ ਨੇ ਕਈ ਘਰ ਆਪਣੀ ਲਪੇਟ ਵਿੱਚ ਲੈ ਲਏ ਹਨ। ਇੰਸਪੈਕਟਰ 'ਸ਼ੀਪੈਰਡ' ਦੇ ਦੱਸਣ ਅਨੁਸਾਰ ਤੇਜ਼ ਹਵਾਵਾਂ ਚੱਲਣ ਨਾਲ ਮੌਸਮ ਹੋਰ ਖਰਾਬ ਹੋ ਰਿਹਾ ਹੈ। 60 ਕਿਲੋਮੀਟਰ ਘੰਟੇ ਤੋਂ ਉਪਰ ਹਵਾਵਾਂ ਚੱਲਣ ਨਾਲ ਖਤਰਾ ਵੱਧ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਜੁਲਾਈ ਮਹੀਨੇ ਤੱਕ 5 ਹਜ਼ਾਰ ਵੱਖ-ਵੱਖ ਅੱਗਾਂ ਲੱਗਣ ਨਾਲ ਤਕਰੀਬਨ 4 ਲੱਖ ਹੈਕਟੇਅਰ ਖੇਤਰ ਸੜ ਗਿਆ ਸੀ, ਜਿਹੜਾ ਕਿ ਪਿਛਲੇ ਸਾਲਾਂ ਤੋਂ ਦੁੱਗਣਾ ਹੈ। ਖੇਤਰੀ ਇਲਾਕਿਆਂ ਵਿੱਚ ਪੈ ਰਿਹਾ ਸੋਕਾ ਇਸ ਦਾ ਮੁੱਖ ਕਾਰਨ ਹੈ।

MICHELIN Hankook Continental ROADLUX BFGoodrich AEOLUS COMPASAL Chevron Delo
Special OIL CHANGE Rates
BEST TRUCK REPAIR & TIRE CENTRE
ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ
We also Specialize in Engine, AC, Transmission, Differential Rebuild, Safety Inspection & All Kinds of Electric Work
SPECIAL ON TRUCK ALIGNMENT | BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
4 Mechanics Needed Urgently
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
30 Truck Parking Also Available!
1715 Sismet Rd, Mississauga | Call Ranjit: 416.624.8351 | Tel: 905.625.0055

# ਜ਼ਮੀਨ ਦਾ ਕਬਜ਼ਾ ਨਾ ਛੱਡਣ ਵਾਲੇ ਪੰਜ ਲੋਕਾਂ ਉਤੇ ਕੇਸ ਦਰਜ

ਭੋਗਪੁਰ, 21 ਅਕਤੂਬਰ (ਪੋਸਟ ਬਿਊਰੋ)- ਥਾਣਾ ਭੋਗਪੁਰ ਦੀ ਚੌਕੀ ਪਚਰੰਗਾ ਦੇ ਹੇਠ ਪਿੰਡ ਜਲੋਵਾਲ ਕਲੋਨੀ ਦੀ ਇੱਕ ਜ਼ਮੀਨ ਦੇ ਅਦਾਲਤ ਵਿੱਚ ਚੱਲਦੇ ਕੇਸ ਵਿੱਚ ਅਦਾਲਤ ਨੇ ਇੱਕ ਸਾਲ ਪਹਿਲਾਂ ਜ਼ਮੀਨ ਦੇ ਕਬਜ਼ੇਦਾਰਾਂ ਨੂੰ ਕਬਜ਼ਾ ਛੱਡਣ ਤੇ ਜ਼ਮੀਨ ਦੀ ਅਸਲੀ ਮਾਲਕਿਨ ਨੂੰ ਕਬਜ਼ਾ ਦੇਣ ਦਾ ਆਦੇਸ਼ ਦਿੱਤੇ ਜਾਣ ਦੇ ਬਾਵਜੂਦ ਕਬਜ਼ਾ ਨਾ ਛੱਡਣ ਵਾਲੇ ਪੰਜ ਲੋਕਾਂ ਦੇ ਖਿਲਾਫ ਥਾਣਾ ਭੋਗਪੁਰ ਵਿੱਚ ਕੇਸ ਦਰਜ ਕੀਤਾ ਗਿਆ ਹੈ।



ਪੁਲਸ ਅਧਿਕਾਰੀਆਂ ਦੇ ਦੱਸਣ ਅਨੁਸਾਰ ਇਸ ਮਾਮਲੇ ਦੀ ਜਾਂਚ ਰਿਪੋਟ ਵਿੱਚ ਭੇਦ ਖੁੱਲ੍ਹਾ ਸੀ ਕਿ ਇੱਕ ਕਨਾਲ ਛੇ ਮਰਲੇ ਜ਼ਮੀਨ ਦੀ ਗਿਰਦਾਵਰੀ ਦਰੋਪਤੀ ਪੁੱਤਰੀ ਬੰਸੂ ਰਾਮ ਦੇ ਨਾਮ ਸੀ। ਦਰੋਪਤੀ ਨੂੰ ਇਸ 'ਤੇ ਕਾਬਿਜ ਕਰਵਾਉਣ ਦੇ ਲਈ ਜੱਜ ਅਮਰਦੀਪ ਸਿੰਘ ਦੀ ਅਦਾਲਤ ਨੇ ਅਪ੍ਰੈਲ 2016 ਵਿੱਚ ਦਖਲ ਵਾਰੰਟ ਜਾਰੀ ਕੀਤਾ ਸੀ। ਇਸ ਅਨੁਸਾਰ ਚੁਨੀ ਲਾਲ ਦੇ ਵਾਰਸਾਂ ਦੇਸ ਰਾਜ, ਮਨੋਹਰ ਲਾਲ, ਮੁਲਕ ਰਾਜ ਦੇ ਬਾਅਦ ਰਘੁਵੀਰ ਲਾਲ ਪੁੱਤਰ ਅਮਰ ਚੰਦ ਮੁਖਤਿਆਰ ਆਮ ਵੱਲੋਂ ਦਰੋਪਤੀ ਪੁੱਤਰੀ ਬੰਸੂ ਰਾਮ ਨੂੰ ਕਬਜ਼ਾ ਦਿੱਤਾ ਗਿਆ। ਦੇਸ ਰਾਜ ਪੁੱਤਰ ਚੁਨੀ ਲਾਲ ਦੀ ਧਿਰ ਇੱਕ ਕਨਾਲ ਛੇ ਮਰਲੇ ਜਗ੍ਹਾ ਕਬਜ਼ਾ ਹੋਣ ਦੇ ਬਾਵਜੂਦ ਨਹੀਂ ਛੱਡ ਰਹੇ ਹਨ। ਮਾਲ ਵਿਭਾਗ ਮੁਤਾਬਕ ਇਹ ਜ਼ਮੀਨ ਰਘੁਵੀਰ ਲਾਲ ਦੀ ਹੈ ਤੇ ਮਾਲ ਵਿਭਾਗ ਤੋਂ ਨਿਸ਼ਾਨਦੇਹੀ ਕਰਾਉਣ ਦੇ ਬਾਅਦ ਇਹ ਜ਼ਮੀਨ ਰਘੁਵੀਰ ਲਾਲ ਦੇ ਹਿੱਸੇ ਆਈ ਸੀ, ਪਰ ਦੇਸ ਰਾਜ, ਮਨੋਹਰ ਲਾਲ ਪੁੱਤਰ ਚੁਨੀ ਲਾਲ, ਕਿਸ਼ੋਰੀ ਲਾਲ ਪੁਤਰ ਦੇਸ ਰਾਜ, ਕੁਲਵਿੰਦਰ, ਟੇਕ ਚੰਦ ਪੁਤਰ ਮੁੰਸ਼ੀ ਰਾਮ (ਸਾਰੇ ਵਾਸੀ) ਪਿੰਡ ਜਲੋਵਾਲ ਕਲੋਨੀ ਨਿਸ਼ਾਨਦੇਹੀ ਦੇ ਬਾਅਦ ਵੀ ਇਸ ਜ਼ਮੀਨ 'ਤੇ ਕਾਬਿਜ਼ ਹਨ ਅਤੇ ਕਬਜ਼ਾ ਨਹੀਂ ਛੱਡ ਰਹੇ। ਇਸ ਰਿਪੋਰਟ ਦੇ ਬਾਅਦ ਜਿਲ੍ਹਾ ਅਟਾਨੀ ਜਨਰਲ ਦੀ ਰਾਏ ਲੈਣ ਤੋਂ ਬਆਅਦ ਪੁਲਸ ਨੇ ਦੇਸ ਰਾਜ, ਮਨੋਹਰ ਲਾਲ ਪੁੱਤਰ ਚੁਨੀ ਲਾਲ, ਕਿਸ਼ੋਰੀ ਲਾਲ ਪੁੱਤਰ ਦੇਸ ਰਾਜ, ਕੁਲਵਿੰਦਰ, ਟੇਕ ਚੰਦ ਪੁੱਤਰ ਮੁੰਸ਼ੀ ਰਾਮ (ਸਾਰੇ ਨਿਵਾਸੀ) ਪਿੰਡ ਜਲੋਵਾਲ ਕਲੋਨੀ ਦੇ ਖਿਲਾਫ ਮਾਮਲਾ ਦਰਜ ਕਰ ਦਿੱਤਾ ਹੈ।


BEST FOR DIWALI GIFT

ALL PHOTOS IN 24K GOLD GUARANTEED



FOR WHOLESALE & RETAIL
ALL INQUIRES CALL
TARSEM SINGH 647-206-6109


# ਟਰੰਪ ਆਪਣੇ ਗੋਲਫ ਰਿਜ਼ਾਰਟ ਵਿੱਚ ਜੀ-7 ਵਾਲੇ ਸੰਮੇਲਨ ਲਈ ਮੇਜ਼ਬਾਨੀ ਨਹੀਂ ਕਰਨਗੇ

ਵਾਸ਼ਿੰਗਟਨ, 21 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਫਲੋਰਿਡ ਵਿੱਚ ਆਪਣੇ ਗੋਲਫ ਰਿਜ਼ਾਰਟ 'ਚ ਜੀ- ਸਿਖਰ ਸੰਮੇਲਨ ਦੀ ਮੇਜ਼ਬਾਨੀ ਦੀ ਯੋਜਨਾ ਰੱਦ ਕਰ ਦਿੱਤੀ ਹੈ। ਵਿਰੋਧੀ ਧਿਰ ਡੈਮੋਕ੍ਰਟਿਕ ਪਾਰਟੀ ਵੱਲੋਂ ਲਗਾਏ ਗਏ ਭ੍ਰਿਸ਼ਟਾਚਾਰ ਦੇ ਦੋਸ਼ਾਂ ਤੋਂ ਬਾਅਦ ਉਨ੍ਹਾਂ ਨੇ ਇਹ ਫੈਸਲਾ ਕੀਤਾ ਹੈ।



ਵਰਨਣ ਯੋਗ ਹੈ ਕਿ ਡੈਮੋਕ੍ਰੇਟਿਕ ਪਾਰਟੀ ਨੇ ਦੋਸ਼ ਲਗਾਇਆ ਸੀ ਕਿ ਟਰੰਪ ਆਪਣੇ ਨਿੱਜੀ ਫਾਇਦੇ ਲਈ ਅਜਿਹਾ ਸਮਾਗਮ ਓਥੇ ਕਰਵਾ ਰਹੇ ਹਨ। ਵ੍ਹਾਈਟ ਹਾਊਸ ਦੇ ਕਾਰਜਕਾਰੀ ਚੀਫ ਆਫ ਸਟਾਫ ਮਿਕ ਮਲਵੇਨੀ ਨੇ ਬੀਤੇ ਦਿਨੀਂ ਸਾਲ 2020 ਵਿੱਚ 10 ਤੋਂ 12 ਜੂਨ ਵਿਚਕਾਰ ਹੋਣ ਵਾਲਾ ਜੀ-7 ਸੰਮੇਲਨ ਮਿਆਮੀ ਨੇੜੇ ਟਰੰਪ ਨੈਸ਼ਨਲ ਡੋਰਲ ਗੋਲਫ ਰਿਜ਼ਾਰਟ 'ਚ ਕੀਤੇ ਜਾਣ ਦੀ ਜਾਣਕਾਰੀ ਦਿੱਤੀ ਸੀ। ਕੱਲ੍ਹ ਸਥਾਨ ਬਦਲੇ ਜਾਣ ਦੀ ਜਾਣਕਾਰੀ ਦਿੰਦਿਆਂ ਟਰੰਪ ਨੇ ਟਵੀਟ ਕੀਤਾ, 'ਮੈਨੂੰ ਲੱਗਾ ਕਿ ਮੈਂ ਦੇਸ਼ ਲਈ ਕੁਝ ਚੰਗਾ ਕਰ ਰਿਹਾ ਹਾਂ, ਪਰ ਮੀਡੀਆ ਅਤੇ ਡੈਮੋਕ੍ਰੇਟਾਂ ਦੇ ਪਾਗਲਪਨ ਤੇ ਬੇਤੁਕੇ ਵਿਰੋਧ ਲਈ ਮੈਨੂੰ ਇਹ ਫੈਸਲਾ ਬਦਲਣਾ ਪੈ ਰਿਹਾ ਹੈ। ਅਸੀਂ ਛੇਤੀ ਨਵੀਂ ਥਾਂ ਦੀ ਚੋਣ ਪ੍ਰਕਿਰਿਆਂ ਸ਼ੁਰੂ ਕਰਾਂਗੇ। ਇਸ ਲਈ ਕੈਂਪ ਡੇਵਿਡ 'ਤੇ ਵਿਚਾਰ ਕੀਤਾ ਜਾ ਰਿਹਾ ਹੈ।' 2012 'ਚ ਵੀ ਸੰਮੇਲਨ ਕੈਂਪ ਡੇਵਿਡ 'ਚ ਹੋਇਆ ਸੀ।

# 21 ਸਾਲ ਦੀ ਛੋਟੀ ਜਿਹੀ ਉਮਰ ਵਿੱਚ ਹੀ ਕੁੜੀ ਨੇ ਦੁਨੀਆ ਘੁੰਮ ਲਈ

ਪਿਆਂਗਯਾਂਗ, 21 ਅਕਤੂਬਰ (ਪੋਸਟ ਬਿਊਰੋ)- ਪੁਰਾਣੇ ਬਜ਼ੁਰਗ ਕਿਹਾ ਕਰਦੇ ਸਨ ਕਿ ਇਤਿਹਾਸ ਇਨਸਾਨ ਕਿਸੇ ਵੀ ਉਮਰ ਵਿੱਚ ਰਚ ਸਕਦਾ ਹੈ। ਇਸੇ ਦੀ ਮਿਸਾਲ ਇੱਕ 21 ਸਾਲਾ ਲੜਕੀ ਬਣੀ ਹੈ, ਜਿਸ ਨੇ ਛੋਟੀ ਉਮਰ ਵਿੱਚ ਹੀ ਪੂਰਾ ਵਿਸ਼ਵ ਘੁੰਮਣ ਦਾ ਰਿਕਾਰਡ ਆਪਣੇ ਨਾਂਅ ਕਰ ਲਿਆ ਹੈ।




ਅਮਰੀਕਾ ਦੀ ਇਸ 21 ਸਾਲਾ ਕੁੜੀ, ਜਿਸ ਦਾ ਨਾਂਅ ਲੈਕਸੀ ਅਲਫੋਰਡ ਹੈ, ਦੁਨੀਆ ਦੇ ਸਾਰੇ ਦੇਸ਼ਾਂ ਦਾ ਦੌਰਾ ਕਰਨ ਵਾਲੀ ਸਭ ਤੋਂ ਘੱਟ ਉਮਰ ਦੀ ਇਨਸਾਨ ਬਣ ਚੁੱਕੀ ਹੈ। ਇਸ ਸਾਲ 31 ਮਈ ਨੂੰ ਲੈਕਸੀ ਨੇ ਉੱਤਰੀ ਕੋਰੀਆ ਵਿੱਚ ਪੈਰ ਰੱਖਣ ਤੋਂ ਬਾਅਦ ਇਹ ਦਾਅਵਾ ਕੀਤਾ ਹੈ ਕਿ ਉਹ ਦੁਨੀਆ ਦੇ ਸਭਨਾਂ ਦੇਸ਼ਾਂ 'ਚ ਘੁੰਮਣ ਵਾਲੀ ਸਭ ਤੋਂ ਘੱਟ ਉਮਰ ਦੀ ਇਨਸਾਨ ਬਣ ਗਈ ਹੈ। ਉਸ ਦਾ ਕਹਿਣਾ ਹੈ ਕਿ ਅਜਿਹਾ ਕਰ ਕੇ ਉਹ 24 ਸਾਲ ਦੀ ਜੇਮਸ ਅਸਕੀਤ ਦਾ ਸਾਲ 2013 ਵਿੱਚ ਬਣਾਇਆ ਗਿੰਨੀਜ਼ ਵਿਸ਼ਵ ਰਿਕਾਰਡ ਨੂੰ ਤੋੜਨ ਦੀ ਕੋਸ਼ਿਸ਼ ਕਰ ਰਹੀ ਹੈ ਤੇ ਕੈਸੀ ਡੀ ਪੈਕੋਲ ਵਰਗੇ ਹੋਰ ਮੁਸਾਫਰਾਂ ਦੀ ਸੂਚੀ ਵਿੱਚ ਸ਼ਾਮਲ ਹੋ ਗਈ ਹੈ। ਦੁਨੀਆ ਦੇ ਸਭਨਾਂ 196 ਪ੍ਰਭੂਸੱਤਾ ਪ੍ਰਾਪਤ ਦੇਸ਼ਾਂ ਦਾ ਸਫਰ ਕਰਨਾ ਇੱਕ ਵੱਡੀ ਪ੍ਰਾਪਤੀ ਹੈ, ਜਿਸ ਬਾਰੇ ਅਲਫੋਰਟ ਬਚਪਨ ਤੋਂ ਲੱਗੀ ਹੋਈ ਸੀ। ਉਸ ਦਾ ਪਰਵਾਰ ਕੈਲੀਫੋਰਨੀਆ 'ਚ ਇੱਕ ਟਰੈਵਲ ਏਜੰਸੀ ਚਲਾਉਂਦਾ ਹੈ। ਸੋਸ਼ਲ ਮੀਡੀਆ ਵਿੱਚ ਉਸ ਦੀਆਂ ਸਾਰੇ 196 ਦੇਸ਼ਾਂ ਦੀਆਂ ਤਸਵੀਰਾਂ ਮੌਜੂਦ ਹਨ। ਇੱਕ ਕਾਲਜ 'ਚ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਸ ਨੇ ਆਪਣੇ ਸੁਫਨੇ ਅਨੁਸਾਰ ਕੰਮ ਕਰਨਾ ਸ਼ੁਰੂ ਕੀਤਾ। ਲੈਕਸੀ ਜਦੋਂ 18 ਸਾਲਾਂ ਦੀ ਸੀ ਤਾਂ 72 ਦੇਸ਼ ਘੁੰਮ ਚੁੱਕੀ ਹੈ। ਉਸ ਨੇ ਆਪਣੇ ਜ਼ਿਆਦਾ ਦੌਰੇ ਆਪਣੇ ਖੁਦ ਕਮਾਏ ਪੈਸਿਆਂ ਨਾਲ ਕੀਤੇ ਹਨ ਕਿਉਂਕਿ ਉਸ ਨੇ ਛੋਟੀ ਜਿਹੀ ਉਮਰ ਵਿੱਚ ਹੀ ਕੰਮ ਕਰਨਾ ਅਤੇ ਪੈਸੇ ਬਚਾਉਣਾ ਸ਼ੁਰੂ ਕਰ ਦਿੱਤਾ ਸੀ।

# ਬ੍ਰੈਗਜ਼ਿਟ ਦੇ ਦੇਰੀ ਪੱਤਰ ਉੱਤੇ ਜਾਨਸਨ ਨੇ ਦਸਖਤ ਨਹੀਂ ਕੀਤੇ

ਲੰਡਨ, 21 ਅਕਤੂਬਰ (ਪੋਸਟ ਬਿਊਰੋ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਯੂਰਪੀ ਯੂਨੀਅਨ ਤੋਂ ਬ੍ਰਿਟੇਨ ਦੇ ਬਾਹਰ ਹੋਣ (ਬ੍ਰੈਗਜ਼ਿਟ) ਵਿੱਚ ਹੋਰ ਸਮਾਂ ਮੰਗਣ ਦੇ ਪੱਤਰ 'ਤੇ ਦਸਖਤ ਨਹੀਂ ਕੀਤੇ ਅਤੇ ਇੱਕ ਹੋਰ ਪੱਤਰ ਭੇਜ ਕੇ ਕਿਹਾ ਕਿ ਉਹ ਇਸ ਨੂੰ ਅੱਗੇ ਨਹੀਂ ਵਧਾਉਣਾ ਚਾਹੁੰਦੇ।

ਬੋਰਿਸ ਜਾਨਸਨ ਦੇ ਦਫਤਰ ਨਾਲ ਜੁੜੇ ਇੱਕ ਅਫਸਰ ਨੇ ਕੱਲ੍ਹ ਇਹ ਗੱਲ ਦੱਸੀ ਹੈ। ਸਲ ਵਿੱਚ ਪਾਰਲੀਮੈਂਟ ਨੇ ਪਿਛਲੇ ਦਿਨੀਂ ਉਨ੍ਹਾਂ ਦੇ ਬ੍ਰੈਗਜ਼ਿਟ ਸਮਝੌਤੇ ਨੂੰ ਸਮਰਥਨ ਦੇਣ ਤੋਂ ਇਨਕਾਰ ਕਰ ਦਿੱਤਾ ਸੀ, ਜਿਸ ਤੋਂ ਬਾਅਦ ਕਾਨੂੰਨੀ ਤੌਰ ਉੱਤੇ ਜਾਨਸਨ ਨੂੰ ਬ੍ਰੈਗਜ਼ਿਟ ਵਿੱਚ ਦੇਰੀ ਲਈ ਅਪੀਲ ਵਾਲਾ ਇੱਕ ਪੱਤਰ ਲਿਖਣਾ ਪੈਣਾ ਹੈ, ਪਰ ਬੋਰਿਸ ਜਾਨਸਨ ਦਾ ਰਵੱਈਆ ਇਸ ਦੇ ਵਿਰੁੱਧ ਹੈ ਅਤੇ ਉਹ ਇਸ ਗੱਲ ਉਤੇ ਅੜੇ ਹੋਏ ਹਨ ਕਿ ਬ੍ਰਿਟੇਨ 31 ਅਕਤੂਬਰ ਦੀ ਤੈਅ ਸਮਾਂ ਸੀਮਾ ਵਿੱਚ ਯੂਰਪੀ ਯੂਨੀਅਨ (ਈ ਯੂ) ਤੋਂ ਵੱਖ ਹੋ ਜਾਵੇਗਾ। ਇੱਕ ਸੂਤਰ ਨੇ ਦੱਸਿਆ ਕਿ ਜਾਨਸਨ ਨੇ ਕਾਨੂੰਨ ਦੇ ਉਸ ਪੱਤਰ ਦੀ ਕਾਪੀ ਈ ਯੂ ਨੂੰ ਭੇਜੀ ਹੈ ਕਿ ਬ੍ਰੈਗਜ਼ਿਟ ਸਮਝੌਤਾ ਨਾ ਹੋਣ ਉਤੇ ਉਨ੍ਹਾਂ ਨੂੰ ਬ੍ਰਿਟੇਨ ਨੂੰ ਈ ਯੂ ਤੋਂ ਬਾਹਰ ਕਰਨ ਵਿੱਚ ਦੇਰੀ ਦੀ ਅਪੀਲ ਕਰਨ ਬਾਰੇ ਇੱਕ ਪੱਤਰ ਲਿਖਣਾ ਪਵੇਗਾ, ਪਰ ਪ੍ਰਧਾਨ ਮੰਤਰੀ ਨੇ ਇਸ 'ਤੇ ਦਸਖਤ ਨਹੀਂ ਕੀਤੇ।


ਪੀਜ਼ਾ-ਪੀਜ਼ਾ ਦੀ ਫਰੈਂਚਾਇਜ਼ ਵਿਕਾਊ

ਬਿਜ਼ਨਸ CNE ਟਰਾਂਟੋ ਨੇੜੇ, ਬਹੁਤ ਵਧੀਆ ਲੋਕੇਸ਼ਨ, ਵਧੀਆ ਸੇਲ, ਬਹੁਤ ਘੱਟ ਰੈਂਟ ਤੇ ਇਹ ਲੋਕੇਸ਼ਨ ਪਿਛਲੇ 30 ਸਾਲਾਂ ਤੋ ਚੱਲ ਰਹੀ ਹੈ।
ਸਿਰਫ ਸਿਰੀਅਸ ਇੰਨਕਾਰੀ ਵਾਲੇ ਹੀ ਕਾਲ ਕਰਨ,
ਰੀਅਲ ਏਸਟੇਟ ਵਾਲੇ ਵੀਰ ਕਾਲ ਨਾ ਕਰਨ
647-868-0954





Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5’11’’ ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5’8’’ ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5’10’’, Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6’ tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸਿੱਖ ਲੜਕਾ, ਉਮਰ 25 ਸਾਲ, ਕਦ 5’8’’, ਕੈਨੇਡਾ ਵਿੱਚ ਵਿਜੀਟਰ ਵੀਜਾ ਤੇ ਆਇਆ, ਪਤਨੀ Student Visa ਤੇ ਕੈਨੇਡਾ ਆਈ ਸੀ ਪਰ ਅਚਾਨਕ ਉਨ੍ਹਾਂ ਦੀ Death ਹੋ ਗਈ। ਲੜਕੇ ਦਾ 6 ਮਹੀਨੇ ਦਾ ਬੱਚਾ ਹੈ। ਬੱਚਾ ਆਪਣੇ ਦਾਦਾ/ਦਾਦੀ ਦੇ ਕੋਲ ਹੀ ਰਹੇਗਾ। ਇੰਡੀਆ ਵਿੱਚ ਚੰਗਾ ਕਾਰੋਬਾਰ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 416-558-4400 ਜਾਂ 647-335-5000

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5’-11’’, ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5’11’’(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089


Check our Free E-paper
at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


## ਲੜਕੇ ਦੀ ਲੋੜ

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5’-3’’, ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਸੁੰਦਰ ਲੜਕੀ, 1985 Born, ਕੱਦ 5’-3’’, ਵਿਜ਼ਟਰ ਵਿਜ਼ੇ ਤੇ ਆਈ ਲੜਕੀ ਲਈ Canadian P.R ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਸੰਪਰਕ ਕਰੋ: 647-456-1772, 313-303-4406

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7", ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5", ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ।
ਇਸ ਸਬੰਧੀ 91-95010-29128 ਜਾਂ
91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6’’ ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ’ ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5’3’’, ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ’ ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



UPPAL LAW

AVTAR UPPAL
Manager

IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters

OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters

AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848

* PRIOR APPOINTMENT NECESSARY



ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਪਾਪਾਟੋਏਟੋਏ 'ਚ ਹੋਏ ਟੂਰਨਾਮੈਂਟ 'ਚ ਕਬੱਡੀ ਕੱਪ ਮਾਲਵਾ ਸਪੋਰਟਸ ਕਲੱਬ ਨੇ ਜਿੱਤਿਆ, ਦੁਆਬਾ ਦੂਜੇ ਨੰਬਰ 'ਤੇ



ਔਕਲੈਂਡ, 21 ਅਕਤੂਬਰ (ਹਰਜਿੰਦਰ ਸਿੰਘ ਬਸਿਆਲਾ)-ਮਾਲਵਾ ਸਪੋਰਟਸ ਐਂਡ ਕਲਚਰਲ ਕਲੱਬ ਵੱਲੋਂ ਅੱਜ 'ਪਾਪਾਟੋਏਟੋਏ ਰੀਕ੍ਰੀਏਸ਼ਨ ਸੈਂਟਰ' ਵਿਖੇ ਕਰਵਾਏ ਗਏ 'ਸਪੋਰਟਸ ਕਾਰਨੀਵਲ' ਦੇ ਵਿਚ ਖੂਬ ਰੌਣਕ ਰਹੀ। ਪੂਰੀ ਗਰਾਊਂਡ ਦੇ ਵਿਚ ਇਕੋ ਸਮੇਂ 5 ਖੇਡਾਂ ਚੱਲੀਆਂ ਜਿਨ੍ਹਾਂ ਵਿਚ ਕਬੱਡੀ, ਫੁੱਟਬਾਲ, 2 ਥਾਂ ਵਾਲੀਵਾਲ ਤੇ ਵਾਲੀਵਾਲ ਸ਼ੂਟਿੰਗ। ਬੱਚਿਆਂ ਦੀ ਦੌੜਾਂ ਅਤੇ ਮਿਊਜ਼ੀਕਲ ਚੇਅਰ ਨੇ ਅਲੱਗ ਹਾਸੇ ਅਤੇ ਮਨੋਰੰਜਨ ਦਾ ਰੰਗ ਭਰਿਆ। ਮਾਨਯੋਗ ਹਸਤੀਆਂ ਦਾ ਸਨਮਾਨ ਵੀ ਨਾਲੋ-ਨਾਲ ਚਲਦਾ ਰਿਹਾ। ਮੌਸਮ ਕਦੇ ਠੰਡਾ ਅਤੇ ਕਦੇ ਗਰਮ ਹੁੰਦਾ ਰਿਹਾ। ਕਬੱਡੀ ਟੂਰਨਾਮੈਂਟ ਦੇ ਵਿਚ 7 ਖੇਡ ਕਲੱਬਾਂ ਮਾਲਵਾ ਸਪੋਰਟਸ ਕਲੱਬ ਦੀ ਟੀਮ-ਏ ਅਤੇ ਬੀ, ਬੇਅ ਆਫ ਪਲੈਂਟੀ, ਚੜ੍ਹਦੀ ਕਲਾ ਪਾਪਾਮੋਆ, ਸ਼ਹੀਦ ਭਗਤ ਸਿੰਘ ਕਲੱਬ, ਪੰਜਾਬ ਕੇਸਰੀ ਅਤੇ ਦੁਆਰਾ ਸਪੋਰਟਸ ਕਲੱਬ ਨੇ ਭਾਗ ਲਿਆ। ਪਹਿਲੇ ਸੈਮੀਫਾਈਨਲ ਦੇ ਵਿਚ ਮਾਲਵਾ ਸਪੋਰਟਸ ਕਲੱਬ ਨੇ ਬੇਅ ਆਫ ਪਲੈਂਟੀ ਨੂੰ ਹਰਾ ਕੇ ਅਤੇ ਦੁਆਬਾ ਸਪੋਰਟਸ ਕਲੱਬ ਨੇ ਹੇਸਟਿੰਗ ਦੀ ਟੀਮ ਨੂੰ ਹਰਾ ਕੇ ਫਾਈਨਲ ਵਿਚ ਐਂਟਰੀ ਮਾਰੀ। ਅੰਤਿਮ ਮੁਕਾਬਲਾ ਬੜਾ ਰੌਚਿਕ ਸੀ ਜੋ ਮਾਲਵਾ ਸਪੋਰਟਸ ਕਲੱਬ ਨੇ ਦੁਆਬਾ ਸਪੋਰਟਸ ਕਲੱਬ ਦੀ ਟੀਮ ਨੂੰ ਹਰਾ ਕੇ ਆਪਣੇ ਨਾਂਅ ਕੀਤਾ। ਮੈਚ ਦੌਰਾਨ ਕਿਸੇ ਗੱਲ ਨੂੰ ਲੈ ਕੇ ਰੁਕਾਵਟ ਹੋਈ, ਪਰ ਜਲਦੀ ਹੀ ਇਸਨੂੰ ਸੁਲਝਾ ਕੇ ਮੈਚ ਦੁਬਾਰਾ ਸ਼ੁਰੂ ਕੀਤਾ ਗਿਆ। ਕੁੜੀਆਂ ਦਾ ਕਬੱਡੀ ਮੈਚ ਵੀ ਰੱਖਿਆ ਗਿਆ ਸੀ ਜਿਸ ਦੇ ਵਿਚ ਮਾਲਵਾ ਕਲੱਬ ਦੀ ਟੀਮ ਨੂੰ ਦੁਆਬਾ ਸਪੋਰਟਸ ਕਲੱਬ ਤੇ ਸ. ਤਾਰਾ ਸਿੰਘ ਬੈਂਸ ਦੀ ਟੀਮ ਨੇ ਆਪਣੇ ਨਾਂਅ ਕਰਕੇ ਜਿੱਤ ਹਾਸਿਲ ਕੀਤੀ। ਦੁਆਬਾ ਸਪੋਰਟਸ ਕਲੱਬ ਤੋਂ ਇੰਦਰਜੀਤ ਕਾਲਕਟ, ਬਲਹਾਰ ਮਾਹਿਲ, ਵਰਿੰਦਰ ਬਰੇਲੀ, ਮਾਸਟਰ ਜੋਗਿੰਦਰ ਸਿੰਘ, ਬੱਲਾ, ਤਾਰਾ ਸਿੰਘ ਬੈਂਸ, ਦਲਜੀਤ ਸਿੱਧੂ, ਗੁਰਵਿੰਦਰ ਔਲਖ, ਮਨਿੰਦਰ ਬਾਈ, ਸੋਢੀ ਮੰਡੇਰ ਅਤੇ ਦੀਪਾ ਬੈਂਸ ਨੇ ਸਾਰੇ ਖਿਡਾਰੀਆਂ ਅਤੇ ਦਰਸ਼ਕਾਂ ਦਾ ਧੰਨਵਾਦ ਕੀਤਾ।

ਗੀਤਕਾਰ ਖੁਦ ਗਹੌਰੀਆ ਨੇ ਟੂਰਨਾਮੈਂਟ ਸਬੰਧੀ ਲਿਖਿਆ ਗੀਤ ਸੁਣਾਇਆ ਅਤੇ ਸ. ਅਮਰੀਕ ਸਿੰਘ ਜਗੈਤ ਨੇ ਬੁਗਚੂ ਵਜਾ ਕੇ ਸੰਗੀਤਕ ਮਾਹੌਲ ਸਿਰਜਿਆ। ਰੈਫਰੀਜ਼ ਦੀਆਂ ਸੇਵਾਵਾਂ ਮੰਗਾ ਭੰਡਾਲ, ਵਰਿੰਦਰ ਬਰੇਲੀ, ਜੱਸਾ ਬੋਲੀਨਾ ਅਤੇ ਪਲਵਿੰਦਰ ਸਿੰਘ ਨੇ ਨਿਭਾਈਆਂ ਜਦ ਕਿ ਕੁਮੈਂਟਰੀ ਵਾਸਤੇ ਅਮਰੀਕ ਸਿੰਘ ਖੋਸਾ ਕੋਟਲਾ, ਸੱਤਾ ਜਲਾਲਪੁਰੀਆ ਅਤੇ ਦੁੱਲਾ ਟੌਰੰਗਾ ਪਹੁੰਚੇ ਸਨ। ਕਬੱਡੀ ਐਚ. ਡੀ. ਲਾਈਵ ਤੋਂ ਜੋਤ ਅਤੇ ਇੰਦਰ ਸਾਰੇ ਟੂਰਨਾਮੈਂਟ ਨੂੰ ਲਾਈਵ ਅਤੇ ਤਸਵੀਰਾਂ ਵਿਚ ਕੈਦ ਕਰ ਰਹੇ ਸਨ।

ਬੈਸਟ ਰੇਡਰ ਅਤੇ ਬੈਸਟ ਜਾਫੀ ਨੂੰ ਇੰਡੋ ਸਪਾਈਸ ਵੱਲੋਂ ਸੋਨੇ ਦੀਆਂ ਮੁੰਦਰੀਆਂ ਅਤੇ ਰੇਡੀਓ ਸਾਡੇ ਆਲਾ ਵੱਲੋਂ ਬੱਚਿਆਂ ਦੇ ਲਈ ਅਤੇ

**- ਕੁੜੀਆਂ ਦੇ ਮੈਚ ਵਿਚ ਦੁਆਬਾ ਪਹਿਲੇ ਨੰਬਰ ਉਤੇ**
**- ਸ. ਹਰਬੰਤ ਸਿੰਘ ਬਿੱਲਾ (ਗਰੇਵਾਲ) ਦਾ ਸੋਨੇ ਦੇ ਤਮਗੇ ਨਾਲ ਸਨਮਾਨ**

ਮਿਊਜ਼ੀਕਲ ਚੇਅਰ ਦੇ ਜੇਤੂ ਨੂੰ ਸੋਨੇ ਦੀ ਮੁੰਦਰੀਆਂ ਨਾਲ ਨਿਵਾਜਿਆ ਗਿਆ। ਕਲੱਬ ਦੇ ਥੰਮ ਸ. ਹਰਬੰਤ ਸਿੰਘ ਬਿੱਲਾ ਨੂੰ ਉਨ੍ਹਾਂ ਦੀਆਂ ਸੇਵਾਵਾਂ ਲਈ ਸੋਨੇ ਦੇ ਤਮਗੇ ਨਾਲ ਸਨਮਾਨਿਤ ਕੀਤਾ ਗਿਆ।

ਵਾਲੀਵਾਲ: ਵਾਲੀਵਾਲ ਦਾ ਫਾਈਨਲ ਮੁਕਾਬਲਾ ਕਲਗੀਧਰ ਲਾਇਨਜ਼ ਨੇ ਬੇਅ ਆਫ ਪਲੈਂਟੀ ਸਪੋਰਟਸ ਕਲੱਬ ਨੂੰ ਹਰਾ ਕੇ ਆਪਣੇ ਨਾਂਅ ਕੀਤਾ।

ਵਾਲੀਵਾਲ ਸ਼ੂਟਿੰਗ: ਵਾਲੀਵਾਲ ਸ਼ੂਟਿੰਗ ਦਾ ਆਖਰੀ ਮੁਕਾਬਲਾ ਮਾਲਵਾ ਬੀ ਦੀ ਟੀਮ ਨੇ ਮਾਲਵਾ ਏ ਦੀ ਟੀਮ ਨੂੰ ਹਰਾ ਕੇ ਆਪਣੇ ਨਾਂਅ ਕੀਤਾ। ਸੈਮੀਫਾਈਨਲ ਦੇ ਵਿਚ ਫਾਈਵ ਰਿਵਰਜ਼ ਏ ਅਤੇ ਬੀ ਦੀਆਂ ਟੀਮਾਂ ਪਹੁੰਚੀਆਂ ਸਨ।


TransExpert ALWAYS DELIVER | NOW HIRING! | Skylark LOGISTICS INC.
Full Time Mechanic Also Needed
Highway US Drivers & Owner Operators Wanted
- 2 year experience must.
- Drivers paid 60C per mile.
- Midwest runs.
- Direct deposit payments.
- Friendly dispatch and flexible schedule.
- Brand new automatic trucks.
- New trailers so no hastle at scales.
- On site fuel and scale.

Also Flatbed owner operators are needed.
Regular flatbed freight.
*Yards located in Milton ON and Puslinch both on Highway 401
Contact 6474064420 or 6479220000
if busy send txt message.

JOBS! JOBS! JOBS! JOBS! JOBS!
General Labour/ Unloader/ Window Assemblers & Machine Operators/Drivers (AZ/DZ/G)/ Forklift , Office Jobs, Electrician, Mechanic
◦Full time/Part time workers Needed
◦ਵਿੰਡੋ, ਮੈਟਲ, ਬੇਕਰੀ ਕੰਮਪਨੀਆਂ ◦ਸਿਨ ਨੰਬਰ ਹੋਣਾ ਜ਼ਰੂਰੀ
◦ਦਿਨ, ਦੁਪਿਹਰ ਤੇ ਰਾਤ ਦਾ ਕੰਮ Available
2355 Derry Rd E, Unit#20, 2nd Floor, Mississauga
Torbram/Derry intersection Manjit: 416.477.3344

ਜ਼ਰੂਰ ਜਾਣੋ; ਗਿਆਨ ਗੰਗਾ
।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।
- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
- 1 yr Home Warranty
- We Help to get mortgage
Free valuation & Lowest Commission
- Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHWA
Broker
416.319.0551
BHUPENDRA DHILLON
Sales Representative
647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.
22 Listcreek Road, Brampton L6p 2n6

GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
For Canada To US Runs
Local City Drivers @ 22/hr
- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract

For Owner Operator upto $1.62/mile
USA Driver $0.60/mile | Canada wide $0.50/mile
- Disability Insurance
- Travel Insurance
- Medical Benefits
- Dental Benefits

ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090


SALE
PATAKA
FACTORY
416-831-5252
www.patakafactory.com
AMAZING FIREWORKS
WHOLESALE PRICES!
15+ LOCATIONS TO SERVE YOU BETTER!
1
Main Location
1753 Albion Rd
Unit 9, Toronto
M9V1C3
2
4525 Ebnezer Rd
Brampton L6P2P7
Unit 25
3
8917 The Gore Rd,
Brampton L6P0B7
Unit #8
4
2260 Bovaird
Dr E Unit 107
Brampton L6R1Z1
5
1098 Peter
Roberston
Brampton L6R1G6
Unit 7
6
801 Bovaird
Dr W
Brampton L6X0T9
7
80 Pertosa Dr
Brampton
L6X5E9 Unit 12
8
114 Kennedy Rd
South, Brampton
L6W3E7
9
7166 Airport Rd,
Mississauga,
ON L4T 2H2
10
680 Rexdale Blvd,
Etobicoke, ON
M9W 0B5

# GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold
✓ Individual Yard & Driveway
✓ 25x100ft lot
✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

**Jagdish Grewal**
Sales Representative



Residential | Commercial | Investment

(416) 970-5005

Century 21
President Realty Inc
Brokerage*
Independently Owned and Operated.

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

Office: 905-488-2100 Ext. 348



ASIAN FOOD CENTRE
Diwali Sale
www.AsianFoodCentre.com
11TH OCT TO 3RD NOV 2019
Fresh Fruits, Vegetables, Indian & Canadian Grocery

$9.99 GOLDEN TEMPLE ATTA (YELLOW BAG)
$5.99 HERO ATTA
$9.99 ASHIRVAD ATTA 10KG
$7.99 DEEP WHOLE WHEAT ATTA
$10.99 PILLSBURRY CHAKKI ATTA
$8.99 INDIA GATE ROZZANA
$11.99 UDUPI SONA MANSOORI RICE
$6.99 AFC SELLA RICE
$10.99 817 RICE
$3.99 BIKANERI PANEER (341G)
$1.79 POPULAR SAMOSA (400G)
$8.99 WAGHBAKRI TEA
$7.99 TEA INDIA
$4.29 FRONTIER COOKIES
$2.29 DEEP KESAR MANGO PULP
$19.99 TRUST SUGAR
$7.99 TRUST SUGAR
$2.99 MOTHER'S PICKLE
$6.99 RED LABLE TEA
$4.99 DILSE MALAI
$2.99 DABUR MUSTARD OIL
$1.99 DEEP PAPDI LILVA/TUVER
$2.99 (REGULAR & VINEGAR) HEINZ ASST KETCHUP
$22.99 VERKA DESI GHEE
$5.99 POPULAR PARATHA
$1.99 MTR READY TO EAT
$3.79 BALAJI MUSTARD OIL
$8.99 VERKA BROWN SUGAR
$6.99 APNA TASTE RASMALAI
$7.99 MAZOLA CORN/CANOLA OIL

$10.99 KASTURI TOOR DAAL(10LB)
$2.99 RED LENTIL
$2.99 WHITE CHANA
$3.49 BLACK CHANA
$2.29 DEEP PARATHA
$4.99 APNA TASTE GULAB JAMUN
$2.99 MASSAR WHOLE
$3.99 URAD WHOLE
$2.29 SAFFRON
$6.99 DILSE BROWN SUGAR
$3.29 MAGGI ASST SAUCE
2 FOR $1 BRITANNIA ASST CREAM TREAT
$1.99 MTR DOSA, RAVA DOSA, RAVA IDLI,RICE IDLI,UTTAPAM
$4.99 CASHEW PIECES
BUY 1 GET 1 FREE $5.99 +TAX SILKY BATHROOM TISSUE
$4.29 SAVERA ALOO TIKKI
$4.99 UNICO VEG OIL
$6.99 RED LABEL TEA
$0.99 SANTOSH NAAN
$1.99 (EXCEPT AAMPANA) DABUR REAL JUICE
$5.49 ASEEL GHEE
4 FOR $1 YIPPEE MASALA NOODLES
$1.99 GOODDAY BISCUITS
$1.49 DEEP FAFDA / MATHIA
$5.99 SAVERA RASMALAI
$4.29 DEEP BESAN
$5.99 DABUR MUSTARD OIL

WE HAVE LARGE QUANTITY OF KARWA CHAUTH & DIWALI ITEMS AVAILABLE ALL STORE

ETOBICOKE 10 Westmore Dr. 416-740-3262 MEAT SHOP AVAILABLE
MISSISSAUGA 1075 Ceremonial Dr. 905-502-1600 MEAT SHOP AVAILABLE
BRAMPTON 621 Wanless Dr. 905-495-3336 MEAT SHOP AVAILABLE
BRAMPTON 2120 N Park Dr. 905-793-1338 MEAT SHOP AVAILABLE
BRAMPTON 80 Pertosa Dr. 905-460-0009
BRAMPTON 40 Airport RD & Lacoste Blvd. 905-794-8109 MEAT SHOP AVAILABLE
BRAMPTON 10510 Torbram Rd. 905-790-0030
BRAMPTON 10 Pannahill Dr. 905-913-8017 MEAT SHOP AVAILABLE
TOLL FREE 1-800-708-9232

We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media

